World Punjabi News Network
WORLD PUNJABI NEWS
ਪੰਜਾਬੀ | پنجابی
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews

INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS

NATIONAL WORLD EDUCATION SPORTS SCIENCE & TECHNOLOGY ENTERTAINMENT HEALTH & ENVIRONMENT HISTORY & CULTURE POLITICS LIFESTYLE LITERARY BUSINESS

# 26 ਜੂਨ ਨੂੰ ਦੇਸ਼ ਭਰ ਦੇ ਰਾਜ ਭਵਨਾਂ ਦਾ ਘਿਰਾਓ ਕਰ ਰਾਸ਼ਟਰਪਤੀ ਨੂੰ ਦਖਲ ਦੇਣ ਦੀ ਕੀਤੀ ਜਾਵੇਗੀ ਮੰਗ : ਟਿਕੈਤ



**ਨਵੀਂ ਦਿੱਲੀ।** ਕੇਂਦਰ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦਾ ਅੰਦੋਲਨ ਲੱਗਭਗ 7 ਮਹੀਨਿਆਂ ਤੋਂ ਲਗਾਤਾਰ ਜਾਰੀ ਹੈ। ਕਿਸਾਨ ਦਿੱਲੀ ਦੀਆਂ ਸਰਹੱਦਾਂ 'ਤੇ ਲਗਾਤਾਰ ਡਟੇ ਹੋਏ ਹਨ, 'ਤੇ ਮੰਗ ਕਰ ਰਹੇ ਹਨ ਕਿ ਸਰਕਾਰ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰੇ।

ਕਿਸਾਨ ਆਪਣੀ ਮੰਗਾਂ ਪੂਰੀਆਂ ਹੋਣ ਤੋਂ ਪਹਿਲਾ ਚੱਲ ਰਹੇ ਖੇਤੀਬਾੜੀ ਕਾਨੂੰਨਾਂ ਵਿਰੁੱਧ ਅੰਦੋਲਨ ਖ਼ਤਮ ਕਰਨ ਲਈ ਤਿਆਰ ਨਹੀਂ ਹਨ। ਇਸ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਸੋਮਵਾਰ ਨੂੰ ਇੱਕ ਨਵਾਂ ਐਲਾਨ ਕੀਤਾ ਹੈ। ਟਿਕੈਤ ਨੇ ਕਿਹਾ ਹੈ ਕਿ ਜੇ ਸਰਕਾਰ ਸਾਡੀ ਗੱਲ ਨਹੀਂ ਸੁਣ ਰਹੀ ਤਾਂ ਰਾਜਪਾਲ ਅਤੇ ਰਾਸ਼ਟਰਪਤੀ ਵੱਡੇ ਹੁੰਦੇ ਹਨ। ਅਸੀਂ ਰਾਜਪਾਲ ਦੇ ਜ਼ਰੀਏ ਆਪਣੀ ਗੱਲ ਕਰਾਂਗੇ। ਉਨ੍ਹਾਂ ਕਿਹਾ ਕਿ 26 ਜੂਨ ਨੂੰ ਕਿਸਾਨ ਅੰਦੋਲਨ ਦੇ ਕੁੱਝ ਨੁਮਾਇੰਦੇ ਹਰ ਰਾਜ ਵਿੱਚ ਰਾਜਪਾਲ ਜਾਂ ਉਪ ਰਾਜਪਾਲ ਕੋਲ ਜਾਣਗੇ। ਰਾਕੇਸ਼ ਟਿਕੈਤ ਨੇ 17 ਜੂਨ ਨੂੰ ਟਵੀਟ ਕਰ ਕਿਹਾ ਸੀ ਕਿ 26 ਜੂਨ ਨੂੰ ਰਾਜ ਭਵਨਾਂ ਦਾ ਦੇਸ਼ ਭਰ ਵਿੱਚ ਘਿਰਾਓ ਕੀਤਾ ਜਾਵੇਗਾ। ਇਸ ਦੇ ਨਾਲ ਹੀ ਰਾਸ਼ਟਰਪਤੀ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਨੂੰ ਆਪਣੀਆਂ ਮੰਗਾਂ ਬਾਰੇ ਜਾਣਕਾਰੀ ਦਿੰਦਿਆਂ ਉਹ ਇੱਕ ਮੰਗ ਪੱਤਰ ਦੇਣਗੇ ਅਤੇ ਉਨ੍ਹਾਂ ਨੂੰ ਮਿਲਣਗੇ। ਹਾਲਾਂਕਿ ਕੁੱਝ ਮੀਡੀਆ ਰਿਪੋਰਟਸ ਵਿੱਚ ਕਿਹਾ ਗਿਆ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਹਰ ਰਾਜ ਵਿੱਚ ਸਿਰਫ ਪੰਜ-ਛੇ ਵਿਅਕਤੀ ਰਾਜਪਾਲ ਜਾਂ ਉਪ ਰਾਜਪਾਲ ਕੋਲ ਜਾਣਗੇ। ਸੰਸਦ ਵੱਲੋਂ ਪਿਛਲੇ ਸਾਲ ਸਤੰਬਰ ਦੇ ਮਹੀਨੇ ਵਿੱਚ ਤਿੰਨ ਨਵੇਂ ਖੇਤੀਬਾੜੀ ਸੁਧਾਰ ਕਾਨੂੰਨਾਂ ਨੂੰ ਪਾਸ ਕੀਤਾ ਗਿਆ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਕਾਨੂੰਨ ਖੇਤੀਬਾੜੀ ਨੂੰ ਮਾਰਕੀਟਾਈਜ਼ੇਸ਼ਨ ਵੱਲ ਲੈ ਜਾਣਗੇ ਅਤੇ ਛੋਟੇ ਕਿਸਾਨਾਂ ਨੂੰ ਵੱਡੀਆਂ ਪ੍ਰਚੂਨ ਕੰਪਨੀਆਂ ਦੇ ਸ਼ੋਸ਼ਣ ਤੋਂ ਉਚਿਤ ਸੁਰੱਖਿਆ ਨਹੀਂ ਮਿਲੇਗੀ।

# ਮੈਨੂੰ ਕਿਸੇ ਅਹੁਦੇ ਦਾ ਲਾਲਚ ਨਹੀਂ: ਸਿੱਧੂ



**ਚੰਡੀਗੜ੍ਹ/ਪਟਿਆਲਾ।** ਕਾਂਗਰਸੀ ਆਗੂ ਨਵਜੋਤ ਸਿੱਧੂ ਨੇ ਅੱਜ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਨਾ ਤਾਂ ਕਿਸੇ ਅਹੁਦੇ ਦੀ ਭੁੱਖ ਹੈ ਅਤੇ ਨਾ ਹੀ ਉਹ ਕੋਈ ਸ਼ੋਅ-ਪੀਸ ਹਨ ਕਿ ਜਦੋਂ ਚਾਹੋ ਚੋਣ ਪ੍ਰਚਾਰ ਲਈ ਬਾਹਰ ਕੱਢੋ ਅਤੇ ਚੋਣਾਂ ਜਿੱਤਣ ਮਗਰੋਂ ਮੁੜ ਅਲਮਾਰੀ 'ਚ ਰੱਖ ਦਿਓ। ਕਾਂਗਰਸ ਹਾਈਕਮਾਨ ਦਾ ਫ਼ੈਸਲਾ ਆਉਣ ਤੋਂ ਪਹਿਲਾਂ ਹੀ ਅੱਜ ਨਵਜੋਤ ਸਿੱਧੂ ਨੇ ਬਿਨਾਂ ਕੋਈ ਨਾਮ ਲਏ ਪੰਜਾਬ 'ਚ ਚੱਲ ਰਹੇ ਦੋਸਤਾਨਾ ਮੈਚ ਵੱਲ ਵੀ ਇਸ਼ਾਰਾ ਕੀਤਾ। ਨਵਜੋਤ ਸਿੱਧੂ ਨੇ ਅੱਜ ਮੁੱਖ ਮੰਤਰੀ ਅੱਗੇ ਪੰਜਾਬ ਲਈ 13 ਨੁਕਾਤੀ ਏਜੰਡਾ ਰੱਖਦਿਆਂ ਕਿਹਾ ਕਿ ਜੇਕਰ ਮੁੱਖ ਮੰਤਰੀ ਇਸ ਏਜੰਡੇ 'ਤੇ ਕੰਮ ਕਰਦੇ ਹਨ ਤਾਂ ਉਹ ਪਿੱਛੇ ਲੱਗਣ ਨੂੰ ਤਿਆਰ ਹਨ। ਸਿੱਧੂ ਨੇ ਕਾਂਗਰਸ ਸਰਕਾਰ ਦੇ ਸਾਢੇ ਚਾਰ ਵਰ੍ਹਿਆਂ ਦੇ ਕਾਰਜਕਾਲ ਦੀ ਕਾਰਗੁਜ਼ਾਰੀ 'ਤੇ ਸੁਆਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਨਿੱਜੀ ਲੜਾਈ ਨਹੀਂ ਹੈ, ਸਿਰਫ਼ ਮੁੱਦਿਆਂ ਦੀ ਲੜਾਈ ਹੈ ਜਿਸ ਤੋਂ ਧਿਆਨ ਭਟਕਾਉਣ ਲਈ ਸਿਸਟਮ ਸ਼ਗੂਫ਼ੇ ਛੱਡਦਾ ਹੈ। ਸਿੱਧੂ ਨੇ ਕਿਹਾ ਕਿ ਸਿਸਟਮ ਲੋਕਾਂ ਦੇ ਭਲੇ ਲਈ ਕੰਮ ਕਰੇ, ਉਨ੍ਹਾਂ ਨੂੰ ਕੋਈ ਅਹੁਦਾ ਨਹੀਂ ਚਾਹੀਦਾ। ਸਿੱਧੂ ਨੇ ਕਿਹਾ ਕਿ ਉਨ੍ਹਾਂ ਪਹਿਲੇ ਦਿਨ ਤੋਂ ਪੰਜਾਬ ਦੇ ਵਿਕਾਸ ਅਤੇ ਖ਼ਜ਼ਾਨੇ ਦੀ ਬਿਹਤਰੀ ਲਈ ਸਮੇਂ ਸਮੇਂ 'ਤੇ ਤਜਵੀਜ਼ਾਂ ਪੇਸ਼ ਕੀਤੀਆਂ ਪਰ ਸਭ ਠੁਕਰਾ ਦਿੱਤੀਆਂ ਗਈਆਂ। ਉਹ ਚਾਹੁੰਦੇ ਹਨ ਕਿ ਪੰਜਾਬ ਦੀ ਤਕਦੀਰ ਬਦਲੇ, ਅਸਲ ਤਾਕਤ ਲੋਕਾਂ ਹੱਥ ਆਵੇ। ਉਹ ਅਖੀਰ ਤੱਕ ਲੜਾਈ ਲੜਨਗੇ ਅਤੇ ਉਮੀਦ ਹੈ ਕਿ ਗੁਰੂਆਂ ਦੀ ਧਰਤੀ ਨੂੰ ਭਾਗ ਲੱਗਣਗੇ। ਸਿੱਧੂ ਨੇ ਕਿਹਾ ਕਿ ਅੱਜ ਪੰਜਾਬ ਨੂੰ ਕਿਸੇ ਗੁਜਰਾਤ ਜਾਂ ਦਿੱਲੀ ਮਾਡਲ ਦੀ ਲੋੜ ਨਹੀਂ। ਉਸ ਕੋਲ 'ਪੰਜਾਬ ਮਾਡਲ' ਹੈ ਜਿਸ ਦਾ ਅਧਾਰ ਗੁਰੂਆਂ ਦੀ ਵਿਚਾਰਧਾਰਾ ਹੈ। ਨਵਜੋਤ ਸਿੱਧੂ ਨੇ ਇਹ ਵੀ ਸੁਆਲ ਚੁੱਕਿਆ ਕਿ ਸਿਸਟਮ ਕੌਣ ਹੁੰਦਾ ਹੈ, ਉਨ੍ਹਾਂ ਲਈ ਦਰਵਾਜ਼ੇ ਬੰਦ ਕਰਨ ਵਾਲਾ। ਉਨ੍ਹਾਂ ਨੂੰ ਕਿਸੇ ਉੱਪ ਮੁੱਖ ਮੰਤਰੀ ਜਾਂ ਕਾਂਗਰਸ ਦੀ ਪ੍ਰਧਾਨਗੀ ਦੀ ਲੋੜ ਨਹੀਂ ਹੈ। ਸਿਸਟਮ 13 ਨੁਕਾਤੀ ਏਜੰਡੇ ਨੂੰ ਲਾਗੂ ਕਰੇ, ਉਹ ਪਿੱਠ 'ਤੇ ਖੜ੍ਹਨਗੇ। ਸਿੱਧੂ ਨੇ ਉਂਗਲ ਚੁੱਕੀ ਕਿ ਬੇਅਦਬੀ ਮਾਮਲਾ ਸਾਢੇ ਚਾਰ ਦਿਨਾਂ 'ਚ ਮਸਲਾ ਹੋਣ ਵਾਲਾ ਸੀ, ਸਾਢੇ ਚਾਰ ਸਾਲ ਕਿਉਂ ਲਗਾ ਦਿੱਤੇ। ਨਸ਼ਿਆਂ ਦੀ ਤਸਕਰੀ ਵਾਲੇ ਕਿਉਂ ਨਹੀਂ ਫੜੇ। ਉਨ੍ਹਾਂ ਕਿਹਾ ਕਿ ਸੂਬੇ ਦੀ ਸਿਆਸਤ 'ਤੇ ਦੋ ਪਰਿਵਾਰਾਂ ਦਾ ਕੰਟਰੋਲ ਹੋਣ ਕਰਕੇ ਸਰਕਾਰੀ ਖ਼ਜ਼ਾਨਾ ਨਿੱਜੀ ਜੇਬਾਂ ਵਿਚ ਚਲਾ ਜਾਂਦਾ ਹੈ। ਉਨ੍ਹਾਂ 13 ਨੁਕਾਤੀ ਏਜੰਡੇ ਦੀ ਗੱਲ ਕਰਦਿਆਂ ਕਿਹਾ ਕਿ ਤਿਲੰਗਾਨਾ ਤਰਜ਼ ਵਾਲੀ ਮਾਈਨਿੰਗ ਪਾਲਿਸੀ ਦਾ ਏਜੰਡਾ ਦਿੱਤਾ, ਕਿਉਂ ਨਹੀਂ ਲਾਗੂ ਕੀਤਾ। ਤਾਮਿਲ ਨਾਡੂ ਤਰਜ਼ ਵਾਲੀ ਆਬਕਾਰੀ ਪਾਲਿਸੀ ਪੇਸ਼ ਕੀਤੀ, ਠੁਕਰਾ ਦਿੱਤੀ ਗਈ। ਬਗੈਰ ਪਰਮਿਟ ਚੱਲਦੀਆਂ ਬੱਸਾਂ ਦਾ ਮਾਮਲਾ ਰੱਖਿਆ, ਕਿਉਂ ਨਹੀਂ ਸੁਣਵਾਈ ਕੀਤੀ। ਕਿਸਾਨ ਭਲੇ ਲਈ ਏਜੰਡਾ ਰੱਖਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਿਰ ਕਰਜ਼ੇ ਦੀ ਪੰਡ ਲਗਾਤਾਰ ਵਧ ਰਹੀ ਹੈ। ਲੋਕ ਟੈਕਸ ਦਿੰਦੇ ਹਨ ਪ੍ਰੰਤੂ ਉਨ੍ਹਾਂ ਲਈ ਵਿਕਾਸ ਫਿਰ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਬਿਜਲੀ ਸਮਝੌਤਿਆਂ 'ਤੇ ਅੱਜ ਤੱਕ ਵਾਈਟ ਪੇਪਰ ਕਿਉਂ ਨਹੀਂ ਆਇਆ। ਸਸਤੀ ਬਿਜਲੀ ਦੇਣ ਦਾ ਵਾਅਦਾ ਕਰਕੇ ਮਹਿੰਗੀ ਬਿਜਲੀ ਕਿਉਂ ਅੱਜ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ, 'ਵਪਾਰ ਕਰ ਲਓ ਜਾਂ ਫਿਰ ਲੋਕਾਂ ਦਾ ਭਲਾ ਕਰ ਲਓ।' ਉਨ੍ਹਾਂ ਇਹ ਵੀ ਕਿਹਾ ਕਿ ਇਹ ਹਾਈ ਕਮਾਨ ਨੇ ਤੈਅ ਕਰਨਾ ਹੈ ਕਿ ਅੱਜ ਸਰਕਾਰ ਸਾਢੇ ਚਾਰ ਸਾਲ ਮਗਰੋਂ ਕਿਉਂ ਜਾਗੀ ਹੈ, ਕੁੰਭਕਰਨ ਵੀ ਛੇ ਮਹੀਨੇ ਪਿੱਛੋਂ ਜਾਗ ਪੈਂਦਾ ਸੀ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਹਾਈਕਮਾਨ ਵੱਲੋਂ ਨੇੜ ਭਵਿੱਖ 'ਚ ਉਨ੍ਹਾਂ ਨਾਲ ਕੋਈ ਮੀਟਿੰਗ ਮੁਕੱਰਰ ਨਾ ਕੀਤੇ ਜਾਣ ਦੀ ਗੱਲ ਵੀ ਆਖੀ। ਉਨ੍ਹਾਂ ਰੇਤ ਤੇ ਸ਼ਰਾਬ ਮਾਫੀਆ 'ਤੇ ਨੱਥ ਪਾਉਣ ਸਮੇਤ ਬਰਗਾੜੀ ਦਾ ਮਸਲਾ ਹੱਲ ਕਰਨ ਨੂੰ ਵੀ ਵੱਡੀ ਲੋੜ ਦੱਸਿਆ। ਸਿੱਧੂ ਨੇ ਇਹ ਵੀ ਕਿਹਾ ਕਿ ਉਸ ਨੂੰ ਸਿਸਟਮ 'ਚ ਅੜਿੱਕਾ ਸਮਝਦਿਆਂ, ਪੰਜਾਬ ਤੋਂ ਕੱਢ ਕੇ ਦਿੱਲੀ ਭੇਜਣ ਦੀਆਂ ਕੋਸ਼ਿਸ਼ਾਂ ਵੀ ਹੋਈਆਂ। ਉਸ ਨੇ 2017 ਤੋਂ ਪਹਿਲਾਂ ਪ੍ਰਸ਼ਾਂਤ ਕਿਸ਼ੋਰ ਵੱਲੋਂ ਉਸ ਨਾਲ ਦਰਜਨਾਂ ਹੀ ਮੀਟਿੰਗਾਂ ਕਰਨ ਦਾ ਖੁਲਾਸਾ ਵੀ ਕੀਤਾ।


**ਨੌਕਰੀਆਂ ਦੀ ਵੰਡ ਕੁਰਸੀ ਖਾਤਰ**

ਨਵਜੋਤ ਸਿੱਧੂ ਨੇ ਬਿਨਾਂ ਨਾਮ ਲਏ ਕਿਹਾ ਕਿ ਕੁਰਸੀ ਬਚਾਉਣ ਲਈ ਬਿਨਾਂ ਮੈਰਿਟ ਤੋਂ ਵਿਧਾਇਕਾਂ ਦੇ ਮੁੰਡਿਆਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਕੀ ਸਿਸਟਮ ਲੋਕਾਂ ਨੂੰ ਬੇਵਕੂਫ਼ ਸਮਝਦਾ ਹੈ। ਲੋੜਵੰਦਾਂ ਨੂੰ ਦੇਣ ਦੀ ਥਾਂ ਤਾਕਤਾਂ ਅਮੀਰਾਂ ਦੇ ਹੱਥ ਦਿੱਤੀਆਂ ਜਾ ਰਹੀਆਂ ਹਨ।

OUR PARTNERS IN PROMOTION
WORLD PUNJABI NEWS NETWORK
WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਦੱਖਣ ਦਾ ਵੀ ਖ਼ਿਆਲ ਕਰੋ

ਕੁਝ ਦਿਨ ਪਹਿਲਾਂ ਮੈਂ ਵਾਲਟਰ ਕਰੌਕਰ ਦੀ 1966 ਵਿਚ ਲਿਖੀ ਕਿਤਾਬ 'ਨਹਿਰੂ: ਏ ਕੰਟੈਂਪਰੇਰੀ'ਜ਼ ਐਸਟੀਮੇਟ' (ਨਹਿਰੂ: ਇਕ ਸਮਕਾਲੀ ਦਾ ਅਨੁਮਾਨ) ਉਪਰ ਮੁੜ ਝਾਤ ਮਾਰ ਰਿਹਾ ਸੀ। ਇਹ ਕਿਤਾਬ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੀ ਜ਼ਿੰਦਗੀ ਅਤੇ ਵਿਰਾਸਤ ਦੇ ਅਧਿਐਨ ਦੀ ਹਾਲੇ ਤੱਕ ਵੀ ਬਿਹਤਰੀਨ ਇਕਹਿਰੀ ਜਿਲਦ ਚਲੀ ਆ ਰਹੀ ਹੈ ਅਤੇ ਇਹ ਕਿਤਾਬ ਨਹਿਰੂ ਦੇ ਦੇਸ਼ ਬਾਰੇ ਵੀ ਬਹੁਤ ਸਾਰੀਆਂ ਦਿਲਚਸਪ ਗੱਲਾਂ ਦੱਸਦੀ ਹੈ। ਭਾਰਤ ਦੇ ਜਿਸ ਹਿੱਸੇ ਵਿਚ ਮੈਂ ਰਹਿੰਦਾ ਹਾਂ, ਉਸ ਬਾਰੇ ਕੀਤੀਆਂ ਕੁਝ ਟਿੱਪਣੀਆਂ 'ਤੇ ਰਤਾ ਗ਼ੌਰ ਫਰਮਾਉਣ ਦੀ ਜ਼ਹਿਮਤ ਕਰਿਓ: 'ਭਾਰਤੀ ਗਣਰਾਜ ਵਿਚ ਦੱਖਣ ਭਾਰਤ ਦੀ ਕੋਈ ਖ਼ਾਸ ਗਿਣਤੀ ਨਹੀਂ ਕੀਤੀ ਜਾਂਦੀ। ਭਾਰਤ ਲਈ ਇਹ ਬਦਨਸੀਬੀ ਅਤੇ ਦੱਖਣੀ ਭਾਰਤ ਲਈ ਧੱਕਾ ਹੀ ਕਹੀ ਜਾਵੇਗੀ ਕਿਉਂਕਿ ਕੁਝ ਮਾਮਲਿਆਂ ਵਿਚ ਦੱਖਣ ਦਾ ਹੱਥ ਉਤਾਂਹ ਹੈ- ਇੱਥੇ ਨਿਸਬਤਨ ਹਿੰਸਾ ਘੱਟ ਹੁੰਦੀ ਹੈ, ਮੁਸਲਿਮ ਵਿਰੋਧੀ ਅਸਹਿਣਸ਼ੀਲਤਾ ਵੀ ਘੱਟ ਪਾਈ ਜਾਂਦੀ ਹੈ, ਇੱਥੋਂ ਦੀਆਂ ਯੂਨੀਵਰਸਿਟੀਆਂ ਵਿਚ ਅਨੁਸ਼ਾਸਨਹੀਣਤਾ ਅਤੇ ਹੁੜਦੰਗਪੁਣਾ ਨਾਂਮਾਤਰ ਹੀ ਹੁੰਦਾ ਹੈ, ਇਸ ਦੇ ਵਿੱਦਿਅਕ ਮਿਆਰ ਨਿਸਬਤਨ ਬਿਹਤਰ ਹਨ, ਸਰਕਾਰ ਦਾ ਕੰਮਕਾਜ ਬਿਹਤਰ ਪਾਇਆ ਜਾਂਦਾ ਹੈ, ਇਸ ਦੀ ਸਾਫ਼ ਸਫ਼ਾਈ ਵੀ ਬਿਹਤਰ ਹੈ, ਭ੍ਰਿਸ਼ਟਾਚਾਰ ਦੀ ਅਲਾਮਤ ਵੀ ਨਿਸਬਤਨ ਘੱਟ ਹੈ ਅਤੇ ਇੱਥੋਂ ਦੇ ਲੋਕਾਂ ਨੂੰ ਹਿੰਦੂ ਸ਼ਾਵਨਵਾਦ ਦਾ ਬਹੁਤਾ ਚਸਕਾ ਨਹੀਂ ਹੈ।'




ਕਰੌਕਰ ਦੀ ਇਸ ਤਹਿਰੀਰ ਤੋਂ ਤਕਰੀਬਨ ਅੱਧੀ ਸਦੀ ਬਾਅਦ ਅਰਥਸ਼ਾਸਤਰੀ ਸੈਮੂਅਲ ਪਾੱਲ ਅਤੇ ਕਾਲਾ ਸੀਤਾਰਾਮ ਸ੍ਰੀਧਰ ਨੇ ਇਕ ਕਿਤਾਬ ਲਿਖੀ ਹੈ ਜਿਸ ਦਾ ਨਾਂ ਹੈ 'ਦਿ ਪੈਰਾਡੌਕਸ ਆਫ ਇੰਡੀਆ'ਜ਼ ਨੌਰਥ-ਸਾਊਥ ਡਿਵਾਈਡ' (ਭਾਰਤ ਦੇ ਉੱਤਰ-ਦੱਖਣ ਪਾੜੇ ਦਾ ਵਿਰੋਧਾਭਾਸ) (ਸੇਜ ਪਬਲੀਕੇਸ਼ਨਜ਼, 2015)। ਇਸ ਵਿਚ ਬਹੁਤ ਸਾਰੇ ਅੰਕੜਿਆਂ ਦੀ ਵਰਤੋਂ ਕੀਤੀ ਗਈ ਹੈ ਜਿਨ੍ਹਾਂ 'ਚੋਂ ਬਹੁਤੇ ਸਰਕਾਰੀ ਸਰੋਤਾਂ ਤੋਂ ਲਏ ਗਏ ਹਨ ਅਤੇ ਕਿਤਾਬ ਵਿਚ ਦਲੀਲ ਪੇਸ਼ ਕੀਤੀ ਗਈ ਹੈ ਕਿ ਆਰਥਿਕ ਵਿਕਾਸ ਦੇ ਮਾਮਲੇ ਵਿਚ ਦੱਖਣੀ ਭਾਰਤ ਨੇ ਉੱਤਰੀ ਭਾਰਤ ਦੇ ਮੁਕਾਬਲੇ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ। ਪਾੱਲ ਅਤੇ ਸ੍ਰੀਧਰ ਨੇ ਦੋ ਕਿਸਮ ਦੀ ਤੁਲਨਾ ਕੀਤੀ ਹੈ। ਪਹਿਲਾਂ ਉਨ੍ਹਾਂ ਦੱਖਣੀ ਭਾਰਤ ਦੇ ਵੱਡੇ ਸੂਬੇ ਤਾਮਿਲ ਨਾਡੂ ਅਤੇ ਉੱਤਰੀ ਭਾਰਤ ਦੇ ਵੱਡੇ ਸੂਬੇ ਉੱਤਰ ਪ੍ਰਦੇਸ਼ ਨੂੰ ਆਹਮੋ ਸਾਹਮਣੇ ਰੱਖਿਆ ਹੈ। ਇਸ ਤੋਂ ਬਾਅਦ ਉਨ੍ਹਾਂ ਵਡੇਰੇ ਰੂਪ ਵਿਚ ਦੋਵੇਂ ਖਿੱਤਿਆਂ ਦੇ ਆਪੋ ਆਪਣੇ ਖੇਤਰਾਂ ਦੀ ਤੁਲਨਾ ਕੀਤੀ ਹੈ ਜਿਨ੍ਹਾਂ 'ਚ ਚਾਰ ਦੱਖਣੀ ਸੂਬਿਆਂ- ਤਾਮਿਲ ਨਾਡੂ, ਕਰਨਾਟਕ, ਅਣਵੰਡਿਆ ਆਂਧਰਾ ਪ੍ਰਦੇਸ਼ ਅਤੇ ਕੇਰਲਾ- ਦਾ ਚਾਰ ਉੱਤਰੀ ਸੂਬਿਆਂ- ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ- ਦਾ ਤੁਲਨਾਤਮਿਕ ਅਧਿਐਨ ਕੀਤਾ ਹੈ।

ਪਾੱਲ ਅਤੇ ਸ੍ਰੀਧਰ ਵੱਲੋਂ ਵਰਤੇ ਗਏ ਅੰਕੜਿਆਂ ਦੀ ਸ਼ੁਰੂਆਤ 1960 ਤੋਂ ਹੁੰਦੀ ਹੈ ਜਦੋਂ ਤਾਮਿਲ ਨਾਡੂ ਦੀ ਪ੍ਰਤੀ ਜੀਅ ਆਮਦਨ ਉੱਤਰ ਪ੍ਰਦੇਸ਼ ਨਾਲੋਂ 51 ਫ਼ੀਸਦ ਵਧੇਰੇ ਸੀ। 1980ਵਿਆਂ ਵਿਚ ਇਹ ਪਾੜਾ ਘਟ ਕੇ 39 ਫ਼ੀਸਦ ਰਹਿ ਗਿਆ ਸੀ। ਉਂਜ, ਉਸ ਤੋਂ ਬਾਅਦ ਦੇ ਦਹਾਕਿਆਂ ਵਿਚ ਇਹ ਪਾੜਾ ਮੁੜ ਵਧਣਾ ਸ਼ੁਰੂ ਹੋ ਗਿਆ ਅਤੇ 2005 ਵਿਚ ਤਾਮਿਲ ਨਾਡੂ ਦਾ ਇਕ ਆਮ ਵਸਨੀਕ ਉੱਤਰ ਪ੍ਰਦੇਸ਼ ਦੇ ਆਮ ਵਸਨੀਕ ਨਾਲੋਂ 128 ਫ਼ੀਸਦ ਜ਼ਿਆਦਾ ਕਮਾਈ ਕਰ ਰਿਹਾ ਸੀ। (ਆਨਲਾਈਨ ਉਪਲਬਧ ਅੰਕੜਿਆਂ ਮੁਤਾਬਿਕ 2021 ਤੱਕ ਇਹ ਪਾੜਾ ਵਧ ਕੇ ਕਰੀਬ 300 ਫ਼ੀਸਦ ਹੋ ਗਿਆ ਹੈ।)

ਦੱਖਣ ਤੇ ਉੱਤਰ ਨੂੰ ਸਮੁੱਚੇ ਰੂਪ ਵਿਚ ਲੈਂਦਿਆਂ ਕਿਤਾਬ ਵਿਚ ਪਾਇਆ ਗਿਆ ਹੈ ਕਿ 1960-61 ਵਿਚ ਦੋਵੇਂ ਖੇਤਰਾਂ ਦਰਮਿਆਨ ਪ੍ਰਤੀ ਜੀਅ ਆਮਦਨ ਦੇ ਲਿਹਾਜ਼ ਤੋਂ ਪਾੜਾ ਸਿਰਫ਼ 39 ਫ਼ੀਸਦ ਸੀ ਜੋ ਚਾਲੀ ਸਾਲਾਂ ਬਾਅਦ ਵਧ ਕੇ 101 ਫ਼ੀਸਦ ਹੋ ਗਿਆ ਸੀ ਤੇ ਹੁਣ 2021 ਵਿਚ ਇਹ ਪਾੜਾ ਹੋਰ ਵੀ ਜ਼ਿਆਦਾ ਹੋ ਗਿਆ ਹੈ। ਪਾੱਲ ਅਤੇ ਸ੍ਰੀਧਰ ਦੇ ਵਿਸ਼ਲੇਸ਼ਣ ਮੁਤਾਬਿਕ ਇਸ ਵੇਲੇ ਚਾਰ ਉੱਤਰੀ ਸੂਬਿਆਂ ਵਿਚ ਸਾਲਾਨਾ ਪ੍ਰਤੀ ਜੀਅ ਆਮਦਨ ਲਗਪਗ ਚਾਰ ਹਜ਼ਾਰ ਅਮਰੀਕੀ ਡਾਲਰ ਹੈ ਅਤੇ ਚਾਰ ਦੱਖਣੀ ਸੂਬਿਆਂ ਵਿਚ ਸਾਲਾਨਾ ਪ੍ਰਤੀ ਜੀਅ ਆਮਦਨ 10 ਹਜ਼ਾਰ ਡਾਲਰ ਤੋਂ ਜ਼ਿਆਦਾ ਹੈ ਜੋ ਤਕਰੀਬਨ 250 ਫ਼ੀਸਦ ਤੋਂ ਜ਼ਿਆਦਾ ਬਣਦੀ ਹੈ।

ਦੋਵੇਂ ਲੇਖਕਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਦੋ ਖੇਤਰ ਅਜਿਹੇ ਹਨ ਜਿਨ੍ਹਾਂ ਵਿਚ ਦੱਖਣ ਨੇ ਉੱਤਰ ਨਾਲੋਂ ਵਧੀਆ ਕਾਰਕਰਦਗੀ ਦਿਖਾਈ ਹੈ। ਪਹਿਲਾ ਖੇਤਰ ਮਹਿਲਾ ਸਾਖਰਤਾ ਦਰ, ਬਾਲ ਮੌਤ ਦਰ ਅਤੇ ਲੰਮੇਰੀ ਉਮਰ ਨਾਲ ਸਬੰਧਤ ਹੈ ਜਦੋਂਕਿ ਦੂਜਾ ਤਕਨੀਕੀ ਸਿੱਖਿਆ, ਬਿਜਲੀ ਦੀ ਪੈਦਾਵਾਰ ਅਤੇ ਸੜਕਾਂ ਦੇ ਮਿਆਰ ਅਤੇ ਲੰਬਾਈ ਜਿਹੇ ਆਰਥਿਕ ਵਿਕਾਸ ਲਈ ਬੇਹੱਦ ਅਹਿਮ ਪੈਮਾਨਿਆਂ ਨਾਲ ਜੁੜਿਆ ਹੋਇਆ ਹੈ। ਪਹਿਲੇ ਖੇਤਰ ਦਾ ਸਮੂਹ ਸਿਹਤਮੰਦ ਤੇ ਬਿਹਤਰ ਪੜ੍ਹੇ ਲਿਖੇ ਨਾਗਰਿਕ ਪੈਦਾ ਕਰਦਾ ਹੈ ਜੋ ਆਧੁਨਿਕ ਅਰਥਚਾਰੇ ਵਿਚ ਹਿੱਸਾ ਲੈਂਦੇ ਹਨ ਜਦੋਂਕਿ ਦੂਜੇ ਖੇਤਰ ਦਾ ਸਮੂਹ ਨਿਰਮਾਣ ਅਤੇ ਸੇਵਾਵਾਂ ਦੇ ਖੇਤਰ ਵਿਚ ਉੱਚ ਮਿਆਰੀ ਉਤਪਾਦਕਤਾ ਅਤੇ ਕੁਸ਼ਲਤਾ ਲਿਆਉਂਦਾ ਹੈ।

ਪਾੱਲ ਅਤੇ ਸ੍ਰੀਧਰ ਨੇ ਇਹ ਵੀ ਪਾਇਆ ਹੈ ਕਿ ਸ਼ਾਸਨ ਦੇ ਸੂਚਕਾਂ ਪੱਖੋਂ ਵੀ ਦੱਖਣ ਨੇ ਉੱਤਰ ਦੇ ਮੁਕਾਬਲੇ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ। ਦੱਖਣੀ ਸੂਬਿਆਂ ਵਿਚ ਸਰਕਾਰੀ ਸਕੂਲਾਂ ਤੇ ਸਰਕਾਰੀ ਹਸਪਤਾਲਾਂ ਦੀ ਹਾਲਤ ਉੱਤਰੀ ਸੂਬਿਆਂ ਦੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਨਾਲੋਂ ਕਿਤੇ ਬਿਹਤਰ ਹੈ। ਦੱਖਣ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਅੱਧ ਵਿਚਾਲੇ ਛੱਡਣ ਦੀ ਦਰ ਘੱਟ ਹੈ ਤੇ ਇੱਥੋਂ ਦੇ ਹਸਪਤਾਲਾਂ ਵਿਚ ਡਾਕਟਰ ਵੀ ਮਿਲਦੇ ਹਨ ਤੇ ਦਵਾਈਆਂ ਵੀ। ਉੱਤਰੀ ਸੂਬਿਆਂ ਦੀਆਂ ਸ਼ਹਿਰੀ ਝੋਂਪੜ ਪੱਟੀਆਂ ਦੇ ਮੁਕਾਬਲੇ ਦੱਖਣ ਦੀਆਂ ਝੁੱਗੀ-ਝੋਂਪੜੀਆਂ ਵਿਚ ਪਖਾਨੇ, ਪੀਣ ਯੋਗ ਪਾਣੀ ਅਤੇ ਸਾਫ਼ ਸਫ਼ਾਈ ਦੀਆਂ ਸਹੂਲਤਾਂ ਜ਼ਿਆਦਾ ਮਿਲਦੀਆਂ ਹਨ।

ਪਾੱਲ ਤੇ ਸ੍ਰੀਧਰ ਦੀ ਕਿਤਾਬ ਸਿੱਟਾ ਕੱਢਦੀ ਹੈ ਕਿ ਉੱਤਰ-ਦੱਖਣ ਦਰਮਿਆਨ ਪਾੜਾ ਹਾਲ ਦੇ ਸਾਲਾਂ ਵਿਚ ਜ਼ਿਆਦਾ ਵਧਿਆ ਹੈ। ਹਾਲਾਂਕਿ ਹੁਣ ਇਹ ਗੱਲ ਮੰਨਣੀ ਔਖੀ ਲੱਗਦੀ ਹੈ ਕਿ 1960 ਵਿਚ ਤਾਮਿਲ ਨਾਡੂ ਵਿਚ ਦਿਹਾਤੀ ਗ਼ਰੀਬੀ ਦੀ ਦਰ ਉੱਤਰ ਪ੍ਰਦੇਸ਼ ਨਾਲੋਂ ਜ਼ਿਆਦਾ ਹੁੰਦੀ ਸੀ। ਉੱਤਰੀ ਸੂਬਿਆਂ ਦੇ ਮੁਕਾਬਲੇ ਦੱਖਣ ਦੇ ਸੂਬਿਆਂ ਦੀ ਕਾਰਗੁਜ਼ਾਰੀ ਵਿਚ ਬਿਹਤਰੀ 1980ਵਿਆਂ ਦੇ ਦਹਾਕੇ ਤੋਂ ਸ਼ੁਰੂ ਹੋਈ ਸੀ ਤੇ 1990ਵਿਆਂ ਦੇ ਦਹਾਕੇ ਵਿਚ ਇਹ ਪਾੜਾ ਤੇਜ਼ੀ ਨਾਲ ਵਧਣ ਲੱਗ ਪਿਆ ਸੀ।

ਪਾੱਲ ਤੇ ਸ੍ਰੀਧਰ ਦਾ ਅਧਿਐਨ ਅੰਕੜਿਆਂ 'ਤੇ ਟਿਕਿਆ ਹੋਇਆ ਹੈ। ਇਸ ਨੇ ਸਮਾਜਿਕ ਜਾਂ ਸਿਫ਼ਤੀ ਵਿਸ਼ਲੇਸ਼ਣ ਨੂੰ ਆਮ ਤੌਰ 'ਤੇ ਤਜ ਦਿੱਤਾ ਹੈ। ਉਂਜ, ਦੱਖਣ ਵਿਚ ਸਮਾਜ ਸੁਧਾਰਾਂ ਦੀਆਂ ਲਹਿਰਾਂ ਦੇ ਮਹੱਤਵ ਦਾ ਚਲਦੇ ਚਲਦੇ ਜ਼ਿਕਰ ਕੀਤਾ ਗਿਆ ਹੈ ਤੇ ਨਾਲ ਹੀ ਇਸ ਨੇ ਹਿੰਦੂ-ਮੁਸਲਿਮ ਟਕਰਾਅ ਦੀ ਨਿਸਬਤਨ ਅਣਹੋਂਦ ਦੀ ਕੋਈ ਗੱਲ ਨਹੀਂ ਕੀਤੀ। ਹਾਲਾਂਕਿ ਇਹ ਕਾਰਕ ਯਕੀਨਨ ਇਹ ਸਮਝਣ ਲਈ ਬਹੁਤ ਅਹਿਮ ਹਨ ਕਿ ਆਪਣੇ ਸਮਾਜਿਕ ਤੇ ਆਰਥਿਕ ਵਿਕਾਸ ਦੇ ਪੱਖਾਂ ਤੋਂ ਦੱਖਣੀ ਸੂਬਿਆਂ ਤੇ ਉੱਤਰੀ ਸੂਬਿਆਂ ਵਿਚਕਾਰ ਇੰਨਾ ਵੱਡਾ ਵਖਰੇਵਾਂ ਕਿਉਂ ਪਾਇਆ ਜਾਂਦਾ ਹੈ। ਪਾੱਲ ਤੇ ਸ੍ਰੀਧਰ ਵੱਲੋਂ ਦਿੱਤੇ ਗਏ ਚੌਖਟੇ ਵਿਚ ਚੀਜ਼ਾਂ ਨੂੰ ਦੇਖਦਿਆਂ ਇਸ ਗੱਲ 'ਤੇ ਹੈਰਾਨੀ ਨਹੀਂ ਹੁੰਦੀ ਕਿ ਉਨ੍ਹਾਂ ਵੱਲੋਂ ਕਰੌਕਰ ਦੀ ਕਿਤਾਬ ਦਾ ਹਵਾਲਾ ਕਿਉਂ ਨਹੀਂ ਦਿੱਤਾ ਗਿਆ। ਉਂਜ, ਜਿਹੜੇ ਸਭਿਆਚਾਰਕ ਕਾਰਕ 1960ਵਿਆਂ ਵਿਚ ਕਰੌਕਰ ਦੀ ਕਿਤਾਬ ਦਾ ਮੁਹਾਂਦਰਾ ਬਣੇ ਸਨ, ਉਹ ਦੱਖਣ ਤੇ ਉੱਤਰ ਦੀਆਂ ਵੱਖੋ ਵੱਖਰੀਆਂ ਵਿਕਾਸ ਪਰਵਾਜ਼ਾਂ ਨੂੰ ਸਮਝਣ ਲਈ ਅਹਿਮ ਸਾਬਿਤ ਹੋ ਸਕਦੇ ਹਨ। 1991 ਵਿਚ ਜਦੋਂ ਭਾਰਤੀ ਅਰਥਚਾਰੇ ਦਾ ਉਦਾਰੀਕਰਨ ਸ਼ੁਰੂ ਹੋਇਆ ਸੀ ਤਾਂ ਦੱਖਣ ਪਹਿਲਾਂ ਹੀ ਇਸ ਨੀਤੀਗਤ ਤਬਦੀਲੀ ਦਾ ਫ਼ਾਇਦਾ ਉਠਾਉਣ ਵਾਸਤੇ ਤਿਆਰ ਹੋ ਚੁੱਕਿਆ ਸੀ ਕਿਉਂਕਿ ਇਸ ਕੋਲ ਵਧੇਰੇ ਹੁਨਰਮੰਦ ਤੇ ਸਿਹਤਮੰਦ ਕਿਰਤ ਸ਼ਕਤੀ ਮੌਜੂਦ ਸੀ। 1990ਵਿਆਂ ਤੇ 2000ਵਿਆਂ ਵਿਚ ਜਿੱਥੇ ਤਾਮਿਲ ਨਾਡੂ ਤੇ ਆਂਧਰਾ ਪ੍ਰਦੇਸ਼ ਜਿਹੇ ਸੂਬਿਆਂ ਅੰਦਰ ਧੜਾਧੜ ਫੈਕਟਰੀਆਂ, ਇੰਜਨੀਅਰਿੰਗ ਕਾਲਜ, ਸਾਫਟਵੇਅਰ ਪਾਰਕ ਅਤੇ ਫਾਰਮਾਸਿਊਟੀਕਲ ਇਕਾਈਆ ਖੁੱਲ੍ਹ ਰਹੀਆਂ ਸਨ, ਉੱਥੇ ਉੱਤਰ ਪ੍ਰਦੇਸ਼ ਅਤੇ ਬਿਹਾਰ ਜਿਹੇ ਸੂਬੇ ਫ਼ਿਰਕੂ ਤੇ ਜਾਤੀ ਟਕਰਾਵਾਂ ਦੇ ਕਦੇ ਵੀ ਨਾ ਖ਼ਤਮ ਹੋਣ ਵਾਲੇ ਕੁਚੱਕਰ ਵਿਚ ਫਸੇ ਹੋਏ ਸਨ। ਰਾਮ ਜਨਮ ਭੂਮੀ ਅੰਦੋਲਨ ਦੇ ਸਿੱਟੇ ਵਜੋਂ ਉੱਤਰੀ ਖਿੱਤੇ ਅੰਦਰ ਹਿੰਦੂਤਵ ਦੇ ਬਹੁਤ ਖ਼ੌਫ਼ਨਾਕ ਸ਼ਕਲ ਅਖ਼ਤਿਆਰ ਕਰ ਰਹੇ ਸਨ ਜਦੋਂਕਿ ਦੱਖਣ ਇਨ੍ਹਾਂ ਤੋਂ ਬਹੁਤ ਹੱਦ ਤੱਕ (ਜੇ ਪੂਰੀ ਤਰ੍ਹਾਂ ਨਾ ਵੀ ਸਹੀ) ਅਛੂਤਾ ਰਿਹਾ।

ਹਾਲੀਆ ਸਮਿਆਂ 'ਚ ਦੱਖਣ ਨੇ ਉੱਤਰ ਦੇ ਮੁਕਾਬਲੇ ਇੰਨੀ ਜ਼ਿਆਦਾ ਬਿਹਤਰ ਕਾਰਗੁਜ਼ਾਰੀ ਕਿਉਂ ਦਿਖਾਈ ਹੈ, ਇਸ ਨੂੰ ਸਮਝਣ ਲਈ ਦੀਰਘਕਾਲੀ ਇਤਿਹਾਸਕ ਨਜ਼ਰੀਆ ਅਪਣਾਉਣਾ ਪਵੇਗਾ ਤੇ ਪਿਛਲੇ ਕੁਝ ਦਹਾਕੇ ਨਹੀਂ ਸਗੋਂ ਪਿਛਲੀਆਂ ਸਦੀਆਂ ਵੱਲ ਪਰਤਣਾ ਪਵੇਗਾ। ਸਮੁੰਦਰੀ ਤਟ ਤੱਕ ਰਸਾਈ ਸਦਕਾ ਹਮਲਾਵਰਾਂ ਦੀ ਬਜਾਏ ਵਪਾਰੀਆਂ ਤੇ ਯਾਤਰੀਆਂ ਵਜੋਂ ਵਿਦੇਸ਼ੀਆਂ ਦੀ ਆਮਦ ਹੋਣ ਨਾਲ ਉੱਥੇ ਦੂਜਿਆਂ ਨੂੰ ਖੁੱਲ੍ਹਦਿਲੀ ਨਾਲ ਸਵੀਕਾਰਨ ਦਾ ਮਾਹੌਲ ਪਣਪਿਆ। ਵਰਤਮਾਨ ਸਮਿਆਂ ਵੱਲ ਆਉਂਦਿਆਂ, ਦੱਖਣ ਨੂੰ ਵੰਡ ਦਾ ਵੱਡਾ ਸੰਤਾਪ ਵੀ ਨਹੀਂ ਹੰਢਾਉਣਾ ਪਿਆ।

ਸਮਾਜਿਕ ਪੱਖ ਤੋਂ ਦੱਖਣ ਵਿਚ ਬ੍ਰਾਹਮਣਵਾਦੀ ਦਬਦਬੇ ਨੂੰ ਚੁਣੌਤੀ ਬਹੁਤ ਪਹਿਲਾਂ ਸ਼ੁਰੂ ਹੋ ਗਈ ਸੀ। ਸ੍ਰੀ ਨਰਾਇਣ ਗੁਰੂ ਅਤੇ ਪੇਰੀਆਰ ਜਿਹੇ ਚਿੰਤਕਾਂ ਨੇ ਜਾਤ ਅਤੇ ਲਿੰਗ ਦੇ ਸਬੰਧ ਵਿਚ ਵਧੇਰੇ ਸਮਤਾਮੂਲਕ ਪਹੁੰਚ ਅਪਣਾਉਣ ਦਾ ਮਾਰਗ ਤਿਆਰ ਕਰ ਦਿੱਤਾ। ਦੱਖਣੀ ਭਾਰਤ 'ਚੋਂ ਕਿਸਾਨੀ ਜਾਤਾਂ 'ਚੋਂ ਇੰਨੇ ਜ਼ਿਆਦਾ ਉੱਦਮੀ ਆਉਣਾ ਤੇ ਕਿਰਤ ਸ਼ਕਤੀ ਵਿਚ ਔਰਤਾਂ ਦਾ ਅਨੁਪਾਤ ਵੀ ਕਿਤੇ ਜ਼ਿਆਦਾ ਹੋਣਾ ਮਹਿਜ਼ ਸਬੱਬੀ ਗੱਲ ਨਹੀਂ ਹੈ ਸਗੋਂ ਇਹ ਅਮਲ ਉਨ੍ਹਾਂ ਸਮਾਜ ਸੁਧਾਰ ਲਹਿਰਾਂ ਦਾ ਸਿੱਟਾ ਹੈ ਜਿਨ੍ਹਾਂ ਦਾ ਪ੍ਰਤੱਖ ਤੇ ਦੀਰਘਕਾਲੀ ਅਸਰ ਪਿਆ ਸੀ।

ਸਮਾਜ ਸ਼ਾਸਤਰੀ ਐਲਿਸ ਇਵਾਨਜ਼ ਨੇ ਇਕ ਤਫ਼ਸੀਲੀ ਤੇ ਤੱਥਯੁਕਤ ਲੇਖ ਵਿਚ ਦਲੀਲ ਦਿੱਤੀ ਸੀ ਕਿ 'ਸਭ ਤੋਂ ਨਾਟਕੀ ਵਖਰੇਵਾਂ (ਦੱਖਣੀ ਭਾਰਤ ਤੇ ਉੱਤਰੀ ਭਾਰਤ ਦਰਮਿਆਨ) ਲਿੰਗਕ ਸਬੰਧਾਂ ਵਿਚ ਨਜ਼ਰ ਆਉਂਦਾ ਹੈ'। ਉਨ੍ਹਾਂ ਲਿਖਿਆ ਸੀ ਕਿ 'ਉੱਤਰੀ ਸੂਬਿਆਂ ਦੇ ਮੁਕਾਬਲੇ ਦੱਖਣ ਦੀਆਂ ਔਰਤਾਂ ਵਧੇਰੇ ਸਫ਼ਲਤਾ ਨਾਲ ਜਣੇਪਾ ਕੱਟਣ, ਸਿੱਖਿਆ ਹਾਸਲ ਕਰਨ, ਚੜ੍ਹਦੀ ਉਮਰੇ ਵਿਆਹ ਤੋਂ ਬਚਣ, ਆਪਣੇ ਵਰ ਦੀ ਚੋਣ ਕਰਨ, ਆਪਣੇ ਜੀਵਨਸਾਥੀ ਨਾਲ ਵਧੇਰੇ ਕਰੀਬੀ ਰਿਸ਼ਤਾ ਬਣਾਉਣ, ਆਪਣੇ ਅਸਾਸੇ ਬਣਾਉਣ, ਕੰਨਿਆ ਧਨ 'ਤੇ ਵਧੇਰੇ ਕੰਟਰੋਲ ਕਰਨ, ਆਪਣੇ ਦੋਸਤਾਂ ਮਿੱਤਰਾਂ ਅਤੇ ਆਪਣੇ ਭਾਈਚਾਰਿਆਂ ਅੰਦਰ ਖੁੱਲ੍ਹੇ ਡੁੱਲ੍ਹੇ ਢੰਗ ਨਾਲ ਵਿਚਰਨ ਅਤੇ ਮਰਦਾਂ ਦੇ ਬਰਾਬਰ ਕੰਮ ਕਰਨ ਦੇ ਸਮਰੱਥ ਸਾਬਿਤ ਹੋਈਆਂ ਹਨ।'

ਬੇਸ਼ੱਕ, ਦੱਖਣ ਕੋਈ ਸੰਪੂਰਨ ਖਿੱਤਾ ਨਹੀਂ ਹੈ। ਤਾਮਿਲ ਨਾਡੂ ਦੇ ਕੁਝ ਹਿੱਸਿਆਂ ਵਿਚ ਦਲਿਤਾਂ ਨੂੰ ਕਈ ਕਿਸਮ ਦੇ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਸੂਬੇ ਤੇ ਇਸ ਦੇ ਸਿਆਸੀ ਸਭਿਆਚਾਰ ਲਈ ਸ਼ਰਮ ਦੀ ਗੱਲ ਹੈ। ਕਰਨਾਟਕ ਵਿਚ ਹਿੰਦੂਤਵ ਨੇ ਸਮਾਜਿਕ ਤੇ ਸਿਆਸੀ ਜੀਵਨ ਵਿਚ ਪੈਰ ਪਸਾਰ ਲਏ ਹਨ ਜਿਸ ਦੇ ਕੁਝ ਨਾਂਹਪੱਖੀ ਸਿੱਟੇ ਸਾਹਮਣੇ ਆ ਚੁੱਕੇ ਹਨ। ਇਹ ਠੀਕ ਹੈ ਕਿ 1960ਵਿਆਂ ਵਿਚ ਦੱਖਣ ਵਿਚ ਭ੍ਰਿਸ਼ਟਾਚਾਰ ਦਾ ਚਲਨ ਬਹੁਤ ਹੀ ਘੱਟ ਸੀ ਤੇ ਹੁਣ ਜਦੋਂ ਉਦਾਰੀਕਰਨ ਤੋਂ ਬਾਅਦ ਦੇ ਦੌਰ ਵਿਚ ਖਣਨ ਅਤੇ ਬੁਨਿਆਦੀ ਢਾਂਚੇ ਦੇ ਠੇਕਿਆਂ ਤੋਂ ਹੋਣ ਵਾਲੀ ਕਮਾਈ ਦੇ ਮੱਦੇਨਜ਼ਰ ਹੈਦਰਾਬਾਦ, ਬੰਗਲੂਰੂ ਅਤੇ ਚੇਨੱਈ ਦੇ ਸਿਆਸਤਦਾਨ ਵੀ ਆਪਣਾ ਹਿੱਸਾ ਲੈਣ ਤੇ ਵੱਢੀਖੋਰੀ ਦੀ ਹਵਸ ਦੇ ਮਾਮਲੇ ਵਿਚ ਹੋਰਨਾਂ ਖਿੱਤਿਆਂ ਦੇ ਸਿਆਸਤਦਾਨਾਂ ਨਾਲੋਂ ਪਿੱਛੇ ਨਹੀਂ ਹਨ।

ਫਿਰ ਅੰਕੜੇ ਆਪਣੇ ਮੂੰਹੋਂ ਬੋਲਦੇ ਹਨ। ਅਨੁਪਾਤਕ ਤੌਰ 'ਤੇ ਦੱਖਣੀ ਭਾਰਤ ਕੌਮੀ ਅਰਥਚਾਰੇ ਵਿਚ ਉੱਤਰੀ ਭਾਰਤ ਨਾਲੋਂ ਜ਼ਿਆਦਾ ਯੋਗਦਾਨ ਪਾਉਂਦਾ ਹੈ। ਕੇਂਦਰ ਸਰਕਾਰ ਦੇ ਟੈਕਸ ਮਾਲੀਏ 'ਚ ਵੀ ਇਸ ਦੀ ਹਿੱਸੇਦਾਰੀ ਜ਼ਿਆਦਾ ਹੈ। ਦੱਖਣ ਵਿਚ ਰਹਿਣ ਵਾਲੇ ਭਾਰਤੀ ਆਪਣੇ ਉੱਤਰੀ ਹਮਵਤਨੀਆਂ ਦੇ ਮੁਕਾਬਲੇ ਜ਼ਿਆਦਾ ਸਿਹਤਮੰਦ ਤੇ ਲੰਮੀ ਜ਼ਿੰਦਗੀ ਜਿਉਂਦੇ ਹਨ, ਬਿਹਤਰ ਖਾਧ ਖੁਰਾਕ ਲੈਂਦੇ ਹਨ, ਵਧੇਰੇ ਖੁਸ਼ਹਾਲ ਹਨ, ਜ਼ਿਆਦਾ ਪੜ੍ਹੇ ਲਿਖੇ ਹਨ ਅਤੇ ਜਨਤਕ ਸਹੂਲਤਾਂ ਤੱਕ ਜ਼ਿਆਦਾ ਰਸਾਈ ਰੱਖਦੇ ਹਨ। ਉੱਤਰੀ ਸੂਬਿਆਂ ਦੇ ਬਹੁਤ ਸਾਰੇ ਲੋਕ ਇਸ ਨੂੰ ਪ੍ਰਵਾਨ ਕਰਦੇ ਹਨ ਤੇ ਦੱਖਣ ਵਿਚ ਆ ਕੇ ਵਸਣ ਨੂੰ ਤਰਜੀਹ ਦਿੰਦੇ ਹਨ। ਮੈਂ ਬੰਗਲੂਰੂ ਸ਼ਹਿਰ ਵਿਚ ਰਹਿੰਦਾ ਹਾਂ ਤੇ ਇੱਥੇ ਸਫ਼ਲ ਉੱਦਮੀਆਂ ਦੇ ਜਮਘਟ ਵਿਚ ਬਹੁਤ ਸਾਰੇ ਅਜਿਹੇ ਹਨ ਜਿਨ੍ਹਾਂ ਦੇ ਉਪਨਾਮ ਦੱਸਦੇ ਹਨ ਕਿ ਉਨ੍ਹਾਂ ਦੀ ਉਤਪਤੀ ਦਾ ਸਬੰਧ ਸਿੰਧ-ਗੰਗਾ ਦੇ ਮੈਦਾਨੀ ਇਲਾਕਿਆਂ ਨਾਲ ਜੁੜਿਆ ਹੈ। (ਹਾਲਾਂਕਿ ਮੇਰਾ ਖ਼ਿਆਲ ਨਹੀਂ ਕਿ ਲਖਨਊ ਵਰਗੇ ਸ਼ਹਿਰ ਵਿਚ ਅਜਿਹੇ ਬਹੁਤ ਸਾਰੇ ਉੱਦਮੀ ਮਿਲਣਗੇ ਜਿਨ੍ਹਾਂ ਦੇ ਉਪਨਾਮ ਤਾਮਿਲ, ਕੰਨੜ ਜਾਂ ਮਲਿਆਲੀ ਉਪਨਾਮਾਂ ਨਾਲ ਮਿਲਦੇ ਹੋਣ।)

'ਦੱਖਣੀ ਭਾਰਤ ਦੀ ਭਾਰਤੀ ਗਣਰਾਜ ਵਿਚ ਵੁੱਕਤ ਘੱਟ ਅੰਗੀ ਗਈ ਹੈ।' ਇਹ ਗੱਲ ਵਾਲਟਰ ਕਰੌਕਰ ਨੇ 1966 ਵਿਚ ਲਿਖੀ ਸੀ। ਅੱਜ ਪੰਜਾਹ ਸਾਲਾਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਘੱਟੋਘੱਟ ਆਰਥਿਕ ਮਾਮਲਿਆਂ ਵਿਚ ਦੱਖਣੀ ਭਾਰਤ ਨੇ ਆਪਣੀ ਵੁੱਕਤ ਚੰਗੀ ਤਰ੍ਹਾਂ ਦਰਸਾ ਦਿੱਤੀ ਹੈ। ਜੇ ਨਿਸਬਤਨ ਲਹਿਜ਼ੇ ਵਿਚ ਆਖਿਆ ਜਾਵੇ ਤਾਂ ਇਸ ਦੀ ਚੰਗੀ ਕਾਰਗੁਜ਼ਾਰੀ ਦਾ ਧਿਆਨਦੇਣ ਯੋਗ ਹਿੱਸਾ ਇਹ ਹੈ ਕਿ ਇਹ ਸਮਾਜਿਕ ਅਤੇ ਸਭਿਆਚਾਰਕ ਕਾਰਕਾਂ ਕਰਕੇ ਹੋ ਸਕਿਆ ਹੈ ਜਿਨ੍ਹਾਂ ਦਾ ਜ਼ਿਕਰ ਖ਼ੁਦ ਕਰੌਕਰ ਨੇ ਕੀਤਾ ਸੀ ਭਾਵ ਸਿੱਖਿਆ ਤੇ ਸ਼ਾਸਨ 'ਤੇ ਵਧੇਰੇ ਜ਼ੋਰ, ਇਸ ਦੇ ਨਾਲ ਹੀ ਹਿੰਦੂ ਸ਼ਾਵਨਵਾਦ ਦੇ ਚਸਕੇ ਤੋਂ ਪਰਹੇਜ਼।

ਉਂਜ, ਹਾਲੀਆ ਦਹਾਕਿਆਂ ਵਿਚ ਇਸ ਦੀ ਸਾਰੀ ਸਮਾਜਿਕ ਤੇ ਆਰਥਿਕ ਪ੍ਰਗਤੀ ਦੇ ਹੁੰਦੇ-ਸੁੰਦੇ, ਭਾਰਤੀ ਗਣਰਾਜ ਦੇ ਜੀਵਨ ਵਿਚ ਦੱਖਣ ਦੀ ਗਿਣਤੀ ਬਹੁਤ ਘੱਟ ਹੈ। ਤੇ ਹੋ ਸਕਦਾ ਹੈ ਜਲਦੀ ਹੀ ਇਹ ਹੋਰ ਵੀ ਘਟ ਜਾਵੇ। ਆਬਾਦੀ ਦੇ ਲਿਹਾਜ਼ ਨਾਲ ਨਵੇਂ ਸਿਰੇ ਤੋਂ ਲੋਕ ਸਭਾ ਦੀਆਂ ਸੀਟਾਂ ਦੀ ਵੰਡ ਕਰਨ ਦੀ ਤਜਵੀਜ਼ ਲਗਪਗ ਤਿਆਰ ਹੈ। ਜੇ ਇਹ ਅਮਲ ਵਿਚ ਆ ਗਈ ਤਾਂ ਆਪਣੇ ਨਾਗਰਿਕਾਂ ਨੂੰ ਬਿਹਤਰ ਸੇਵਾਵਾਂ ਦੇਣ ਵਾਲੇ ਤਾਮਿਲ ਨਾਡੂ ਤੇ ਕੇਰਲਾ ਜਿਹੇ ਸੂਬੇ ਦੇਖਣਗੇ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਅਤੇ ਤਰਜੀਹਾਂ 'ਤੇ ਉਨ੍ਹਾਂ ਦਾ ਪ੍ਰਭਾਵ ਨਿਗੂਣਾ ਹੋ ਕੇ ਰਹਿ ਜਾਵੇਗਾ। ਆਪਣੇ ਨਾਗਰਿਕਾਂ ਪ੍ਰਤੀ ਲਾਪਰਵਾਹੀ ਜਾਂ ਘ੍ਰਿਣਤ ਤਰੀਕੇ ਨਾਲ ਸਲੂਕ ਕਰਨ ਵਾਲੇ ਉੱਤਰ ਪ੍ਰਦੇਸ਼ ਅਤੇ ਬਿਹਾਰ ਜਿਹੇ ਸੂਬੇ ਪਾਉਣਗੇ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਤੇ ਤਰਜੀਹਾਂ 'ਤੇ ਉਨ੍ਹਾਂ ਦਾ ਅਸਰ ਰਸੂਖ ਹੋਰ ਜ਼ਿਆਦਾ ਵਧ ਜਾਵੇਗਾ। ਜੇ ਇਹ ਅਮਲ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਭਾਰਤੀ ਸੰਘਵਾਦ ਦੀ ਪਹਿਲਾਂ ਤੋਂ ਹੀ ਡਾਵਾਂਡੋਲ ਸਥਿਤੀ 'ਤੇ ਬੋਝ ਤੇ ਦਬਾਅ ਹੋਰ ਵਧ ਜਾਵੇਗਾ।

ਰਾਮਚੰਦਰ ਗੁਹਾ

## ਤਜਿੰਦਰਪਾਲ ਤੂਰ ਨੇ ਟੋਕੀਓ ਓਲੰਪਿਕ ਲਈ ਕੀਤਾ ਕੁਆਲੀਫਾਈ

**ਚੰਡੀਗੜ੍ਹ।** ਪੰਜਾਬ ਦੇ ਜਾਏ ਤਜਿੰਦਰਪਾਲ ਤੂਰ ਨੇ ਅੱਜ 21.49 ਮੀਟਰ ਦੇ ਸ਼ਾਟ ਪੁਟ ਥ੍ਰੋ ਨਾਲ, ਐਨ.ਆਈ.ਐਸ. ਪਟਿਆਲਾ ਵਿਖੇ ਇੰਡੀਅਨ ਗ੍ਰਾਂ ਪ੍ਰੀ ਵਿਚ ਆਪਣਾ ਹੀ ਕੌਮੀ ਰਿਕਾਰਡ ਤੋੜਦਿਆਂ ਟੋਕੀਓ ਓਲੰਪਿਕ ਲਈ ਕੁਆਲੀਫਾਈ ਕਰ ਲਿਆ। ਤੂਰ ਦੀ ਇਸ ਬੇਮਿਸਾਲ ਪ੍ਰਾਪਤੀ 'ਤੇ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਹੋਰਨਾਂ ਅਥਲੀਟਾਂ ਵਿਚ ਵਿਸ਼ਵਾਸ ਭਰਦਿਆਂ ਵਿਸ਼ਵ ਦੇ ਨਾਮੀ ਮੁਕਾਬਲੇਬਾਜ਼ਾਂ 'ਤੇ ਜਿੱਤ ਦਿਵਾਉਣ ਵਿੱਚ ਮਦਦ ਕਰੇਗੀ। ਉਨ੍ਹਾਂ ਕਿਹਾ ਕਿ ਤੂਰ ਨੇ ਇਸ ਪ੍ਰਾਪਤੀ ਨਾਲ ਸੁਲਤਾਨ ਅਬਦੁੱਲਮਜੀਦ ਅਲ-ਹੇਬਸ਼ੀ ਦੇ 21.13 ਮੀਟਰ ਦੇ ਏਸ਼ੀਅਨ ਰਿਕਾਰਡ ਨੂੰ ਵੀ ਤੋੜ ਦਿੱਤਾ ਹੈ। ਤਜਿੰਦਰਪਾਲ ਸਿੰਘ ਤੂਰ ਮੋਗਾ ਜ਼ਿਲ੍ਹੇ ਦੇ ਪਿੰਡ ਖੋਸਾ ਪਾਂਡੋ ਦਾ ਰਹਿਣ ਵਾਲਾ ਹੈ। ਉਸ ਨੇ ਆਪਣੇ ਪਿਤਾ ਦੇ ਕਹਿਣ 'ਤੇ ਸ਼ਾਟ ਪੁੱਟ ਨੂੰ ਅਪਣਾਇਆ। ਇਸ ਤੋਂ ਪਹਿਲਾਂ ਉਹ ਕ੍ਰਿਕਟ ਨੂੰ ਸਮਰਪਿਤ ਸੀ। ਉਸ ਦੇ ਚਾਚਾ ਜੀ ਨੇ ਉਸ ਨੂੰ ਸ਼ੁਰੂਆਤ ਵਿੱਚ ਸਿਖਲਾਈ ਦਿੱਤੀ। ਉਸ ਦਾ ਪਹਿਲਾ ਕੌਮਾਂਤਰੀ ਤਮਗ਼ਾ 2017 ਵਿੱਚ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਆਇਆ, ਜਿਥੇ ਉਸ ਨੇ 19.77 ਦੇ ਥ੍ਰੋਅ ਨਾਲ ਦੂਸਰਾ ਸਥਾਨ ਪ੍ਰਾਪਤ ਕੀਤਾ ਸੀ। ਤੂਰ ਨੇ 2018 ਏਸ਼ੀਅਨ ਖੇਡਾਂ ਵਿੱਚ 20.75 ਮੀਟਰ ਦੇ ਰਿਕਾਰਡ ਥਰੋਅ ਨਾਲ ਸੋਨ ਤਮਗ਼ਾ ਜਿੱਤਦਿਆਂ ਕੌਮੀ ਰਿਕਾਰਡ ਵੀ ਤੋੜ ਦਿੱਤਾ ਸੀ।




## ਯੋਗਾ ਨਾਲ ਖ਼ੁਦ ਨੂੰ ਫਿੱਟ ਰੱਖਦੀਆਂ ਨੇ ਇਹ ਅਦਾਕਾਰਾਂ

**ਨਵੀਂ ਦਿੱਲੀ।** 21 ਜੂਨ ਨੂੰ ਵਿਸ਼ਵ ਭਰ ਵਿਚ ਯੋਗਾ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਸਾਲ 2014 ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਣਥੱਕ ਯਤਨਾਂ ਤੋਂ ਬਾਅਦ ਕੀਤੀ ਗਈ ਸੀ। ਇਹ ਦਿਨ ਇਸ ਸਾਲ 7 ਵੀਂ ਵਾਰ ਮਨਾਇਆ ਜਾ ਰਿਹਾ ਹੈ। ਯੋਗਾ ਦਿਵਸ ਦਾ ਵਿਸ਼ੇਸ਼ ਉਦੇਸ਼ ਲੋਕਾਂ ਨੂੰ ਯੋਗਾ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਤੰਦਰੁਸਤ ਰੱਖਣਾ ਹੈ। ਬਾਲੀਵੁੱਡ ਦੇ ਮਸ਼ਹੂਰ ਸੈਲੇਬਸ ਵਿਚ ਵੀ ਯੋਗਾ ਦਾ ਕ੍ਰੇਜ਼ ਬਹੁਤ ਜ਼ਿਆਦਾ ਹੈ। ਬਾਲੀਵੁੱਡ ਦੀਆਂ ਕਈ ਅਦਾਕਾਰਾਂ ਯੋਗਾ ਦੇ ਜ਼ਰੀਏ ਆਪਣੇ ਆਪ ਨੂੰ ਫਿਟ ਰੱਖਦੀਆਂ ਹਨ।ਆਓ ਅਸੀਂ ਤੁਹਾਨੂੰ ਇਨ੍ਹਾਂ ਅਦਾਕਾਰਾਂ ਬਾਰੇ ਵੀ ਦੱਸਦੇ ਹਾਂ ...

ਬਾਲੀਵੁੱਡ ਦੀਆਂ ਫਿਟ ਅਦਾਕਾਰਾਂ ਵਿਚ ਮਲਾਇਕਾ ਅਰੋੜਾ ਨੇ ਆਪਣੀ ਲੁੱਕ ਨਾਲ ਉਮਰ ਨੂੰ ਮਾਤ ਦਿੱਤੀ ਹੈ। ਮਲਾਇਕਾ ਨੇ ਯੋਗਾ ਰਾਹੀਂ ਆਪਣੇ ਆਪ ਨੂੰ ਤੰਦਰੁਸਤ ਰੱਖਿਆ ਹੈ। ਮਲਾਇਕਾ ਅਕਸਰ ਆਪਣੇ ਸੋਸ਼ਲ ਮੀਡੀਆ ਰਾਹੀਂ ਯੋਗਾ ਨੂੰ ਉਤਸ਼ਾਹਤ ਵੀ ਕਰਦੀ ਹੈ। ਮਲਾਇਕਾ ਕਈ ਵਾਰ ਯੋਗਾ ਕਰਦੇ ਹੋਏ ਆਪਣੀਆਂ ਤਸਵੀਰਾਂ ਅਤੇ ਵੀਡੀਓ ਵੀ ਸਾਂਝਾ ਕਰਦੀ ਰਹਿੰਦੀ ਹੈ।



ਅਦਾਕਾਰਾ ਸ਼ਿਲਪਾ ਸ਼ੈੱਟੀ ਨੇ ਹਾਲ ਹੀ ਵਿਚ ਆਪਣਾ 46 ਵਾਂ ਜਨਮਦਿਨ ਮਨਾਇਆ। ਪਰ ਸ਼ਿਲਪਾ ਸ਼ੈੱਟੀ ਦੀ ਉਮਰ ਇਕ ਜਗ੍ਹਾ ਆ ਕੇ ਰੁਕ ਜਿਹੀ ਗਈ ਹੈ। ਇਹ ਸਭ ਸਿਰਫ਼ ਯੋਗਾ ਦੀ ਸਹਾਇਤਾ ਨਾਲ ਸੰਭਵ ਹੋਇਆ ਹੈ। ਹਾਲ ਹੀ ਵਿਚ, ਸ਼ਿਲਪਾ ਸ਼ੈੱਟੀ ਦਾ ਪੂਰਾ ਪਰਿਵਾਰ ਕੋਰੋਨਾ ਇਨਫੈਕਟਿਡ ਪਾਇਆ ਗਿਆ ਸੀ। ਪਰ ਸ਼ਿਲਪਾ ਸ਼ੈੱਟੀ ਦੀ ਰਿਪੋਰਟ ਨੈਗੇਟਿਵ ਆਈ ਸੀ। ਜਿਸ ਦਾ ਕਾਰਨ ਯੋਗਾ ਵੀ ਕਿਹਾ ਗਿਆ ਸੀ।

ਬਾਲੀਵੁੱਡ ਦੀ ਬੇਬੋ ਯਾਨੀ ਕਰੀਨਾ ਕਪੂਰ ਖਾਨ ਵੀ ਆਪਣੀ ਉਮਰ ਦੇ 40 ਵੇਂ ਪੜਾਅ 'ਤੇ ਪਹੁੰਚ ਗਈ ਹੈ। ਪਰ ਅੱਜ ਵੀ ਕਰੀਨਾ ਆਪਣੀ ਲੁੱਕ ਨਾਲ ਜਵਾਨ ਅਦਾਕਾਰਾਂ ਨੂੰ ਮਾਤ ਦਿੰਦੀ ਹੈ।ਕਰੀਨਾ ਕਪੂਰ ਵੀ ਨਿਯਮਤ ਤੌਰ 'ਤੇ ਯੋਗਾ ਕਰਦੀ ਹੈ। ਉਸਨੂੰ ਵੇਖ ਕੇ, ਅੱਜ ਵੀ ਕੋਈ ਇਹ ਨਹੀਂ ਕਹਿ ਸਕਦਾ ਕਿ ਉਸਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਹੈ।

ਅਦਾਕਾਰਾ ਸੁਸ਼ਮਿਤਾ ਸੇਨ ਵੀ ਯੋਗਾ ਦੀ ਸਹਾਇਤਾ ਨਾਲ ਆਪਣੇ ਆਪ ਨੂੰ ਤੰਦਰੁਸਤ ਰੱਖਦੀ ਹੈ। ਸੁਸ਼ਮਿਤਾ ਨੇ ਲਗਪਗ 10 ਸਾਲ ਪਹਿਲਾਂ ਬਾਲੀਵੁੱਡ ਤੋਂ ਬ੍ਰੇਕ ਲਿਆ ਸੀ, ਪਰ ਜਦੋਂ ਉਸਨੇ 10 ਸਾਲਾਂ ਬਾਅਦ ਵਾਪਸੀ ਕੀਤੀ ਤਾਂ ਉਸ ਵਿਚ ਕੋਈ ਅੰਤਰ ਨਹੀਂ ਆਇਆ। ਇੰਝ ਲੱਗ ਰਿਹਾ ਸੀ ਜਿਵੇਂ ਸੁਸ਼ਮਿਤਾ ਦੀ ਉਮਰ 10 ਸਾਲ ਪਹਿਲਾਂ ਉਥੇ ਹੀ ਰੁਕ ਗਈ ਸੀ ਅਤੇ ਦੁਬਾਰਾ ਆਪਣੇ ਡੈਬਿਊ ਦੀ ਉਡੀਕ ਕਰ ਰਹੀ ਸੀ।

ਅਦਾਕਾਰਾ ਬਿਪਾਸ਼ਾ ਬਾਸੂ ਵੀ ਯੋਗਾ ਦੀ ਮਦਦ ਨਾਲ ਆਪਣੇ ਆਪ ਨੂੰ ਤੰਦਰੁਸਤ ਰੱਖਦੀ ਹੈ। ਬਿਪਾਸ਼ਾ ਅਕਸਰ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਯੋਗਾ ਕਰਨ ਲਈ ਪ੍ਰੇਰਿਤ ਕਰਦੀ ਦਿਖਾਈ ਦਿੰਦੀ ਹੈ। ਉਸਨੇ ਆਪਣੇ ਪਤੀ ਕਰਨ ਸਿੰਘ ਗਰੋਵਰ ਨੂੰ ਵੀ ਯੋਗਾ ਕਰਨ ਲਈ ਪ੍ਰੇਰਿਤ ਕੀਤਾ ਹੈ। ਹੁਣ ਦੋਵੇਂ ਅਕਸਰ ਇਕੱਠੇ ਯੋਗਾ ਕਰਦੇ ਨਜ਼ਰ ਆਉਂਦੇ ਹਨ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਸਕੂਲ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਆਨਲਾਈਨ ਮਨਾਇਆ



**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਆਨਲਾਈਨ ਮਨਾਇਆ ਗਿਆ। ਇਸ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੋਕੇ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਯੋਗ ਕਰਨ ਨਾਲ ਸ਼ਰੀਰਕ ਅਤੇ ਮਾਨਸਿਕ ਲਾਭ ਦੇ ਨਾਲ ਨਾਲ ਸ਼ਰੀਰ ਨੂੰ ਨਿਰੋਗੀ ਰੱਖਦਾ ਹੈ। ਇਸ ਮੋਕੇ ਵਿਦਿਆਰਥੀਆਂ ਨੇ ਕਈ ਤਰ੍ਹਾਂ ਦੇ ਯੋਗ ਆਸਨ ਵੀ ਕਰ ਕੇ ਦਿਖਾਏ। ਇਸੇ ਤਰ੍ਹਾਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਵੀ ਅੰਤਰਰਾਸ਼ਟਰੀ ਯੋਗ ਦਿਵਸ ਪ੍ਰਿੰਸੀਪਲ ਨਵਤੇਜ ਸਿੰਘ ਬੱਲ ਦੀ ਦੇਖਰੇਖ ਹੇਠ ਮਨਾਇਆ ਗਿਆ।

# ਪੈਟਰੋਲ ਪੰਪ ਦੇ ਕਰਿੰਦੇ ਕੋਲੋਂ ਪਿਸਤੌਲ ਦੀ ਨੋਕ 'ਤੇ ਲੁਟੇਰੇ 63 ਹਜ਼ਾਰ ਰੁਪਏ ਦੇ ਕਰੀਬ ਲੁੱਟ ਕੇ ਹੋਏ ਫ਼ਰਾਰ



**ਜੰਡਿਆਲਾ ਗੁਰ (ਕੁਲਵੰਤ ਸਿੰਘ ਵਿਰਦੀ )** ਸਥਾਨਕ ਕਸਬਾ ਜੰਡਿਆਲਾ ਗੁਰੂ ਦੇ ਜੀ.ਟੀ.ਰੋਡ 'ਤੇ ਸਥਿਤ ਕੋਕਾ ਕੋਲਾ ਫੈਕਟਰੀ ਦੇ ਸਾਹਮਣੇ ਬਣੇ ਪੈਟਰੋਲ ਪੰਪ ਦੇ ਕਰਿੰਦੇ ਕੋਲੋਂ 63,190 ਰੁਪਏ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਉਕਤ ਪੈਟਰੋਲ ਪੰਪ ਦੇ ਮਾਲਿਕ ਰਾਜੀਵ ਭੰਡਾਰੀ ਨਿਵਾਸੀ ਗਾਰਡਨ ਇਨਕਲੇਵ ਖਾਨਕੋਟ ਨੇ ਥਾਣਾ ਜੰਡਿਆਲਾ ਗੁਰੂ ਵਿਖੇ ਲਿਖਤੀ ਸ਼ਿਕਾਇਤ ਦਿੱਤੀ ਕਿ ਪੰਪ ਦੇ ਸੇਲ ਮੈਨੇਜਰ ਜਰਮਨਜੀਤ ਸਿੰਘ ਦਾ ਉਸਨੂੰ ਬੀਤੇ ਸ਼ਨੀਵਾਰ ਰਾਤ 1:30 ਵਜੇ ਦੇ ਕਰੀਬ ਫੋਨ ਆਇਆ ਕਿ ਦੋ ਲੁਟੇਰੇ ਪੈਟਰੋਲ ਪੰਪ 'ਤੇ ਆਏ ਜਿੰਨਾਂ ਕੋਲ ਪਿਸਟਲ ਤੇ ਦਾਤਰਾਂ ਸੀ ਅਤੇ ਆਰੋਪੀਆਂ ਨੇ ਉਸਨੂੰ ਜਾਨ ਤੋਂ ਮਾਰਨ ਦੀ ਧਮਕੀ ਦੇਕੇ ਗੱਲੇ ਚੋਂ 63,190/- ਰੁਪਏ ਹਥਿਆਰਾਂ ਦੀ ਮਦਦ ਨਾਲ ਲੁੱਟ ਲਏ ਅਤੇ ਜਦੋਂ ਉਸਨੇ ਦਫਤਰ ਦੇ ਬਾਹਰ ਨਿਕਲ ਕੇ ਵੇਖਿਆ ਤਾਂ ਇੱਕ ਹੋਰ ਵਿਅਕਤੀ ਮੋਟਰਸਾਈਕਲ ਸਟਾਰਟ ਕਰਕੇ ਖੜ੍ਹਾ ਸੀ ਅਤੇ ਲੁੱਟ ਕਰਨ ਤੋਂ ਬਾਅਦ ਤਿੰਨੇ ਵਿਅਕਤੀ ਉਕਤ ਮੋਟਰਸਾਈਕਲ 'ਤੇ ਭੱਜ ਗਏ। ਮੌਕੇ 'ਤੇ ਪਹੁੰਚੀ ਪੁਲਿਸ ਨੇ ਸੀ.ਸੀ.ਟੀ. ਕੈਮਰੇ ਦੀ ਪੜਤਾਲ ਕੀਤੀ ਤਾਂ ਆਰੋਪੀ ਕੈਮਰੇ ਵਿੱਚ ਦਿਖਾਈ ਵੀ ਦਿੱਤੇ ਪਰ ਦੋਸ਼ੀਆਂ ਦੀ ਪਹਿਚਾਣ ਨਹੀਂ ਹੋ ਸਕੀ। ਇਹ ਦੱਸਣਯੋਗ ਹੈ ਕਿ ਸਥਾਨਕ ਪੁਲਿਸ ਨੇ ਅਣਪਛਾਤੇ ਵਿਅਕਤੀਆਂ 'ਤੇ ਵੱਖ ਵੱਖ ਧਾਰਾਵਾਂ ਹੇਂਠ ਪਰਚਾ ਦਰਜ ਕਰ ਦਿੱਤਾ ਹੈ।

# ਟ੍ਰੈਫਿਕ ਨਿਯਮਾਂ, ਅਤੇ ਕੋਰੋਨਾ ਮਹਾਮਾਰੀ ਤੋ ਜਾਗਰੂਕ ਕੀਤਾ

**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਐਸ ਐਸ ਪੀ ਸ਼੍ਰੀ ਨਵੀਨ ਕੁਮਾਰ ਸਿੰਗਲਾ ਆਈ ਪੀ ਐਸ ਜੀ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ ਅਤੇ ਐਸ ਪੀ ਹੈਡਕੁਆਟਰ ਰਵੀ ਕੁਮਾਰ ਤੇ ਡੀ ਐਸ ਪੀ ਟਰੈਫਿਕ ਅਰਮਿੰਦਰ ਸਿੰਘ ਜੀ ਦੀ ਅਗਵਾਈ ਹੇਠ ਟਰੈਫਿਕ ਇੰਚਾਰਜ ਅਤੇ ਟਰੈਫਿਕ ਐਜੂਕੇਸ਼ਨ ਸੈੱਲ ਅਤੇ ਟਰੈਫਿਕ ਪੁਲਿਸ ਕਰਤਾਰਪੁਰ ਵਲੋਂ ਕਰਤਾਰਪੁਰ ਟਰੱਕ ਯੂਨੀਅਨ ਅਤੇ ਟੈਂਮਪੂ ਯੂਨੀਅਨ ਵਿਖੇ ਸੈਮੀਨਾਰ ਲਗਾ ਕੇ ਸਾਰੇ ਡਰਾਇਵਰ ਵੀਰਾਂ ਨੂੰ ਨੈਸ਼ਨਲ ਹਾਈਵੇ 'ਤੇ ਗਲਤ ਢੰਗ ਨਾਲ ਪਾਰਕ ਕੀਤੇ ਜਾਂਦੇ ਵਹੀਕਲਾਂ ਨੂੰ ਸਹੀ ਢੰਗ ਨਾਲ ਪਾਰਕ ਕਰਨ ਸਬੰਧੀ ਅਤੇ ਕੋਰੋਨਾ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਆਟੋਆਂ, ਟਰਾਲੀਆਂ, ਟਰੱਕਾਂ, ਟੈਮਪੂਆਂ ਦੇ ਪਿੱਛੇ ਰਿਫਲੈਕਟਰ ਵੀ ਲਗਾਏ ਗਏ, ਤਾਂ ਜੋ ਵੱਧ ਰਹੇ ਹਾਦਸਿਆਂ ਤੇ ਕਾਬੂ ਪਾਇਆ ਜਾ ਸਕੇ ਇਸ ਸੈਮੀਨਾਰ ਦੌਰਾਨ ਏ ਐਸ ਆਈ ਗੁਰਜੀਤ ਸਿੰਘ ਏ ਐਸ ਆਈ ਰਵਿੰਦਰ ਕੁਮਾਰ ਏ ਐਸ ਆਈ ਕੇਵਕ ਕ੍ਰਿਸ਼ਨ ਅਤੇ ਐਚ ਸੀ ਜਸਵੀਰ ਸਿੰਘ ਹਾਜਰ ਸਨ।



# ਚੀਫ਼ ਖ਼ਾਲਸਾ ਦੀਵਾਨ ਕਿਸਾਨਾਂ ਨਾਲ ਖੜ੍ਹਾ ਹੈ: ਪ੍ਰਧਾਨ ਨਿਰਮਲ ਸਿੰਘ ਠੇਕੇਦਾਰ

**ਮਾਨਾਵਾਲਾ / ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ: ਨਿਰਮਲ ਸਿੰਘ ਠੇਕੇਦਾਰ ਨੇ ਆਪਣੀ ਪੂਰੀ ਟੀਮ ਨਾਲ ਕਿਸਾਨ ਸੰਘਰਸ਼ ਦੀ ਫ਼ਤਿਹਯਾਬੀ ਲਈ ਸ੍ਰੀ ਸਹਿਜ ਪਾਠ ਦੀ ਲੜੀ ਸਮਾਗਮ ਵਿਚ ਸ਼ਿਰਕਤ ਕਰਦਿਆਂ ਕਿਸਾਨਾਂ ਦੀ ਚੜ੍ਹਦੀਕਲਾ ਅਤੇ ਸੰਘਰਸ਼ ਦੀ ਕਾਮਯਾਬੀ ਲਈ ਅਰਦਾਸ ਕੀਤੀ ਹੈ। ਅੱਜ ਸਹਿਜ ਪਾਠਾਂ ਦੀ ਲੜੀ ਦੌਰਾਨ ਦੂਸਰੇ ਦੋ ਸਹਿਜ ਪਾਠਾਂ ਦੇ ਭੋਗ ਉਪਰੰਤ ਦੋ ਹੋਰ ਸਹਿਜ ਪਾਠਾਂ ਦੀ ਅਰੰਭਤਾ ਕੀਤੀ ਗਈ। ਪ੍ਰੋ: ਸਰਚਾਂਦ ਸਿੰਘ ਅਨੁਸਾਰ ਇਸ ਮੌਕੇ ਦੀਵਾਨ ਦੇ ਪ੍ਰਧਾਨ ਸ: ਨਿਰਮਲ ਸਿੰਘ ਠੇਕੇਦਾਰ ਨੇ ਬਾਬਾ ਜਸਪਾਲ ਸਿੰਘ ਮੰਜੀ ਸਾਹਿਬ ਕਾਰਸੇਵਾ ਗੁ: ਚਮਰੰਗ ਰੋਡ ਅਤੇ ਸਾਥੀ ਸਿੰਘਾਂ ਵੱਲੋਂ ਸਹਿਜ ਪਾਠਾਂ ਦੀ ਲੜੀ ਚਲਾਉਂਦਿਆਂ ਗੁਰੂ ਸਾਹਿਬ ਦਾ ਓਟ ਆਸਰਾ ਲੈਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਕਿਸਾਨਾਂ ਨਾਲ ਖੜ੍ਹਾ ਹੈ । ਕੇਂਦਰ ਅੜੀਅਲ ਰਵੱਈਏ ਖ਼ਿਲਾਫ਼ ਸਾਰਾ ਦੇਸ਼ ਖੜ੍ਹ ਗਿਆ ਹੈ ਅਤੇ ਹੁਣ ਕੇਂਦਰੀ ਹਕੂਮਤ ਵੱਲੋਂ ਕਿਸਾਨਾਂ ਨੂੰ ਦਬਾਉਣ ਵਾਲੇ ਕਾਨੂੰਨ ਵਾਪਸ ਹੋਣੇ ਚਾਹੀਦੇ ਹਨ . ਉਨ੍ਹਾਂ ਕਿਸਾਨ ਸੰਘਰਸ਼ ਦੌਰਾਨ ਪੰਜਾਬ ਦੇ ਲੋਕਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੂੰ ਇਤਿਹਾਸ ਤੋਂ ਸਬਕ ਸਿੱਖਣ ਦੀ ਲੋੜ ਹੈ, ਚੰਗਾ ਰਾਜਾ ਉਹੀ ਹੁੰਦਾ ਹੈ ਜੋ ਜਨਤਾ ਦੀਆਂ ਭਾਵਨਾਵਾਂ ਅਨੁਸਾਰ ਚੱਲਦਾ ਹੈ ਅਤੇ ਲੋਕਾਂ ਦੀ ਰਮਜ਼ ਸਮਝ ਦਾ ਹੈ . ਉਨ੍ਹਾਂ ਕਿਸਾਨੀ ਨਾਲ ਪਿਆਰ ਕਰਨ ਵਾਲੀ ਸਮੂਹ ਸੰਗਤ ਨੂੰ ਅੱਗੇ ਆ ਕੇ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਕਿਸਾਨੀ ਸੰਘਰਸ਼ ਨੂੰ ਫ਼ੈਸਲਾਕੁਨ ਨਤੀਜੇ ਤੱਕ ਲੈ ਜਾਣ ਲਈ ਕਿਸਾਨੀ ਦੇ ਹੱਕ 'ਚ ਅਵਾਜ਼ ਕੇਂਦਰ ਤਕ ਪਹੁੰਚਾਉਣ ਦੀ ਪੁਰਜ਼ੋਰ ਲੋੜ ਹੈ . ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਗਲ ਨਾ ਸੁਣਨੀ ਲੋਕਤੰਤਰੀ ਕਦਰਾਂ ਕੀਮਤਾਂ ਦੀ ਧੱਜੀਆਂ ਉਡਾਉਣ ਦੇ ਸਮਾਨ ਹੈ । ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਭਾਵੇਂ ਲੱਖ ਹੱਥਕੰਡੇ ਅਪਣਾਈ ਜਾਵੇ ਇਸ ਸੰਘਰਸ਼ ਵਿਚ ਆਖ਼ਰਕਾਰ ਜਿੱਤ ਕਿਸਾਨਾਂ ਦੀ ਹੀ ਹੋਵੇਗੀ . ਇਸ ਮੌਕੇ ਉਨ੍ਹਾਂ ਕਿਸਾਨੀ ਸੰਘਰਸ਼ ਦੀ



ਫ਼ਤਿਹਯਾਬੀ ਲਈ ਚੀਫ਼ ਖ਼ਾਲਸਾ ਦੀਵਾਨ ਵੱਲੋਂ 5 ਸਹਿਜ ਪਾਠ ਕਰਾਉਣ ਦਾ ਮਤਾ ਕੀਤਾ। ਇਸ ਮੌਕੇ ਦੀਵਾਨ ਦੇ ਪ੍ਰਧਾਨ ਸ: ਨਿਰਮਲ ਸਿੰਘ ਠੇਕੇਦਾਰ, ਦੀਵਾਨ ਅਤੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਜਸਪਾਲ ਸਿੰਘ ਢਿੱਲੋਂ, ਸੰਤੋਖ ਸਿੰਘ ਸੇਠੀ, ਪ੍ਰੋ: ਸੂਬਾ ਸਿੰਘ, ਸੁਖਜਿੰਦਰ ਸਿੰਘ ਪ੍ਰਿੰਸ, ਮਨਮੋਹਨ ਸਿੰਘ, ਜਸਪਾਲ ਸਿੰਘ ਅਤੇ ਮਨਜਿੰਦਰ ਸਿੰਘ ਗਿੱਲ ਨੂੰ ਬਾਬਾ ਜਸਪਾਲ ਸਿੰਘ, ਭਾਈ ਇਕਬਾਲ ਸਿੰਘ ਤੁੰਗ, ਪ੍ਰੋ: ਸਰਚਾਂਦ ਸਿੰਘ ਖਿਆਲਾ ਅਤੇ ਬਾਬਾ ਸਤਨਾਮ ਸਿੰਘ ਅਕਾਲੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਸੁਖਰਾਜ ਸਿੰਘ ਮਾਨਾਵਾਲਾ, ਸਾਬਕਾ ਸਰਪੰਚ ਬਲਬੀਰ ਸਿੰਘ ਵਡਾਲੀ ਡੋਗਰਾਂ, ਰਾਜਬੀਰ ਸਿੰਘ ਵਡਾਲੀ, ਬਲਵਿੰਦਰ ਸਿੰਘ ਵਡਾਲੀ ਆਦਿ ਮੋਹਤਬਰ ਵੀ ਮੌਜੂਦ ਸਨ।

# ਪਿੰਡਾਂ ਦੇ ਵਿਕਾਸ ਨੂੰ ਪਹਿਲ ਦੇ ਵਜੋਂ ਕੀਤਾ ਜਾਵੇਗਾ: ਜਸਵੰਤ ਸਿੰਘ ਰੰਧਾਵਾ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਪਿੰਡ ਖੁਸ਼ਨਗਰ ਵਿੱਚ ਸਰਦਾਰ ਜਸਵੰਤ ਸਿੰਘ ਰੰਧਾਵਾ ਵਲੋਂ ਮੁਕੇਰੀਆਂ ਹਲਕੇ ਦੇ ਅੱਜ ਦੇ ਹਾਲਾਤਾਂ ਨੂੰ ਮਧੇਨਜਰ ਰੱਖਦੇ ਹੋਏ ਇਲਾਕੇ ਦੇ ਸਮੂਹ ਇਲਾਕਾ ਨਿਵਾਸੀਆਂ ਵਲੋ ਮੰਗ ਦੇ ਅਨੁਸਾਰ ਪਿੰਡਾਂ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਮੀਟਿੰਗ ਕੀਤੀ ਗਈ। ਸਰਦਾਰ ਜਸਵੰਤ ਸਿੰਘ ਰੰਧਾਵਾ ਨੇ ਕਿਹਾ ਕਿ ਮੁਕੇਰੀਆਂ ਹਲਕੇ ਦੇ ਵਿਕਾਸ ਅਤੇ ਨੌਜਵਾਨਾਂ ਦੇ ਲਈ ਰੋਜ਼ਗਾਰ ਲਈ ਹਰ ਹੀਲਾ ਕੀਤਾ ਜਾਵੇਗਾ। ਮਜਦੂਰ ਵਰਗ ਦੀ ਰੋਜ਼ ਮਰਜ ਦੀ ਜਰੂਰਤਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਣਗੀਆਂ। ਖੁਸ਼ਨਗਰ ਨਿਵਾਸੀਆਂ ਨੇ ਰੰਧਾਵਾ ਨੂੰ ਭਰੋਸਾ ਦਿਵਾਇਆ ਕੀ ਆਉਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਦਾ ਡੱਟ ਕੇ ਸਾਥ ਦਿੱਤਾ ਜਾਵੇਗਾ। ਉਹਨਾਂ ਵਿੱਚ ਸਰਪੰਚ ਉਰਮਿਲਾ ਦੇਵੀ, ਨੰਬਰਦਾਰ ਰੂਪ ਲਾਲ, ਮੰਜੂ ਬਾਲਾ ਸਾਬਕਾ ਸਰਪੰਚ, ਧੂੜੂ ਰਾਮ, ਨਰੇਸ਼ ਕੁਮਾਰ, ਅਸ਼ੋਕ ਕੁਮਾਰ, ਦਾਰਾ ਸਿੰਘ, ਅਵਤਾਰ ਸਿੰਘ, ਪਾਲਾ, ਬਾਬਾ ਸੋਮਾ, ਜੱਗੂ, ਨੀਤਿਨ ਸ਼ਰਮਾ, ਮਹਿੰਦਰ ਸਿੰਘ, ਰਾਏ ਸਿੰਘ,ਸੁਧੀਰ, ਬਿਸ਼ਨ ਚੰਦ, ਵਿਜੇ ਕੁਮਾਰ, ਅਵਨੀਤ ਸ਼ਰਮਾ, ਰਮਨ ਕੁਮਾਰ, ਅਮਨ ਸ਼ਰਮਾ, ਕਾਰਕਤ ਸ਼ਰਮਾ, ਮਨਪ੍ਰੀਤ ਸਿੰਘ, ਸਰਪੰਚ ਦਿਲਬਾਗ਼ ਰੰਧਾਵਾ, ਗੁਰਜੀਵਨ ਸਿੰਘ, ਗੁਰਵਿੰਦਰ ਸਿੰਘ, ਸੁਖਵੰਤ ਸਿੰਘ ਹਾਜਰ ਸਨ।



# ਵਿਸ਼ਵ ਯੋਗ ਦਿਵਸ ਦੇ ਮੌਕੇ ਤੇ ਵੱਖ ਵੱਖ ਥਾਵਾਂ ਕੀਤਾ ਯੋਗ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਵਿਸ਼ਵ ਯੋਗ ਦਿਵਸ ਦੇ ਮੌਕੇ ਤੇ ਜਿੱਥੇ ਪੂਰੇ ਵਿਸ਼ਵ ਵਿੱਚ ਭਾਰਤੀ ਯੋਗ ਦਾ ਲੋਹਾ ਮੰਨਦੇ ਹੋਏ ਕਈ ਮਸ਼ਹੂਰ ਹਸਤੀਆਂ ਨੇ ਯੋਗਾ ਕਰਕੇ ਲੋਕਾਂ ਨੂੰ ਯੋਗਾ ਕਰਕੇ ਜਟਿਲ ਤੋਂ ਜਟਿਲ ਬਿਮਾਰੀਆਂ ਤੋਂ ਨਿਜਾਤ ਪਾਉਣ ਲਈ ਪ੍ਰੇਰਿਤ ਕੀਤਾ। ਭਾਰਤ ਵਿੱਚ ਵੀ ਵੱਖ ਵੱਖ ਰਾਜਾ ਅਤੇ ਵੱਖ ਵੱਖ ਆਸ਼ਰਮਾਂ ਅਤੇ ਵੱਖ ਵੱਖ ਸਮਾਜ ਸੇਵਕ ਜਥੇਬੰਦੀਆਂ ਵਲੋਂ ਯੋਗ ਕੈਂਪ ਦਾ ਆਯੋਜਨ ਕੀਤਾ ਗਿਆ। ਹਾਜੀਪੁਰ ਵਿੱਚ ਵੀ ਭਾਰਤ ਵਿਕਾਸ ਪਰਿਸ਼ਦ ਦੇ ਮੈਂਬਰਾ ਰਘੂਬੀਰ ਮੰਦਿਰ ਵਿੱਚ ਅੰਤਰਰਾਸ਼ਟਰੀ ਯੋਗਾ ਦਿਵਸ ਦੇ ਮੌਕੇ ਤੇ ਵਿਸ਼ੇਸ਼ ਯੋਗਾ ਕੈਂਪ ਲਾਇਆ ਗਿਆ। ਇਸ ਤੋਂ ਇਲਾਵਾ ਹਾਜੀਪੁਰ ਵਿੱਚ ਦੁਸਹਿਰਾ ਗਰਾਉਂਡ ਵਿੱਚ ਨੌਜਵਾਨਾਂ ਨੂੰ ਤੰਦਰੁਸਤ ਅਤੇ ਨਿਰੋਗ ਰੱਖਣ ਦੇ ਮਕਸਦ ਨਾਲ ਸਾਬਕਾ ਫੌਜੀ ਠਾਕੁਰ ਬਿਕਰਮ ਸਿੰਘ ਵਲੋਂ ਨੌਜਵਾਨਾਂ ਨਾਲ ਮਿਲ ਕੇ ਇੱਕ ਵਿਸ਼ੇਸ਼ ਯੋਗਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਠਾਕੁਰ ਬਿਕਰਮ ਸਿੰਘ ਨੇ ਕਿਹਾ ਕਿ ਰੋਜ਼ਾਨਾ ਯੋਗ ਕਰਨ ਨਾਲ ਖਤਰਨਾਕ ਤੋਂ ਖਤਰਨਾਕ ਬਿਮਾਰੀ ਵੀ ਸਾਡੇ ਸ਼ਰੀਰ ਦੇ ਨੇੜੇ ਤੇੜੇ ਵੀ ਨਹੀਂ ਆਉਂਦੀ। ਸਾਡੇ ਦੇਸ ਦੀ ਪੁਰਾਣੀ ਪ੍ਰੰਪਰਾ ਯੋਗ ਦੀ ਤਾਕਤ ਹੁਣ ਸਾਰਾ ਵਿਸ਼ਵ ਮੰਨ ਰਿਹਾ ਅਤੇ ਸਾਡੇ ਰਿਸ਼ੀਆਂ ਮੁੰਨੀਆਂ ਵਲੋਂ ਸਿਖਾਏ ਯੋਗ ਨਾਲ ਹੁਣ ਸਾਡਾ ਦੇਸ਼ ਵਿਸ਼ਵ ਗੁਰੂ ਬਣ ਗਿਆ ਹੈ। ਉਹਨਾਂ ਕਿਹਾ ਕਿ ਕਰੋ ਯੋਗ ਅਤੇ ਰਹੋ ਨਿਰੋਗ। ਇਸ ਮੌਕੇ ਦੀਪਕ ਠਾਕੁਰ, ਰਵੀ ਭਾਰਦਵਾਜ, ਸੰਜੀਵ ਠਾਕੁਰ, ਦੀਪਕ ਮੋਨੂੰ, ਨਿਤਿਨ, ਮਨੀਸ਼ ਕੁਮਾਰ ਅਤੇ ਆਰੀਅਨ ਠਾਕੁਰ, ਕਾਕਾ ਅਤੇ ਹੋਰ ਕਈ ਨੌਜਵਾਨਾਂ ਨੇ ਯੋਗਾ ਕੀਤਾ।



# ਵਿਦੇਸ਼ੀ ਕਰੰਸੀ ਸਟੋਰ ਕਰਨ ਵਿੱਚ ਭਾਰਤ ਚੌਥੇ ਸਥਾਨ ਉੱਤੇ ਪੁੱਜਾ



**ਮੁੰਬਈ।** ਭਾਰਤ ਦਾ ਵਿਦੇਸ਼ੀ ਕਰੰਸੀ ਭੰਡਾਰ ਲਗਾਤਾਰ 10ਵੇਂ ਹਫ਼ਤੇ ਵਧਦਾ ਹੋਇਆ 608 ਅਰਬ ਡਾਲਰ ਤੋਂ ਵੱਧ ਦੇ ਰਿਕਾਰਡ ਪੱਧਰ ਉੱਤੇ ਪਹੁੰਚ ਗਿਆ ਹੈ। ਇਸ ਨਾਲ ਭਾਰਤ ਰੂਸ ਤੋਂ ਅੱਗੇ ਨਿਕਲਦੇ ਹੋਏ ਇਸ ਮਾਮਲੇ ਵਿੱਚ ਦੁਨੀਆ ਦਾ ਚੌਥਾ ਸਭ ਤੋਂ ਮਜ਼ਬੂਤ ਦੇਸ਼ ਬਣ ਗਿਆ ਹੈ।

ਕੁਝ ਦਿਨ ਪਹਿਲਾਂ ਭਾਰਤੀ ਰਿਜ਼ਰਵ ਬੈਂਕ ਤੋਂ ਮਿਲੇ ਅਨੁਸਾਰ, 11 ਜੂਨ ਨੂੰ ਖ਼ਤਮ ਹਫ਼ਤੇ ਵਿੱਚ ਵਿਦੇਸ਼ੀ ਕਰੰਸੀ ਦਾ ਦੇਸ਼ ਦਾ ਭੰਡਾਰ 3.07 ਅਰਬ ਡਾਲਰ ਵਧ ਕੇ 608.08 ਅਰਬ ਡਾਲਰ ਉੱਤੇ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ 4 ਜੂਨ ਨੂੰ ਖ਼ਤਮ ਹਫ਼ਤੇ ਵਿੱਚ ਇਹ 6.84 ਅਰਬ ਡਾਲਰ ਵਧ ਕੇ 605.01 ਅਰਬ ਡਾਲਰ ਰਿਕਾਰਡ ਪੱਧਰ ਉੱਤੇ ਰਿਹਾ ਸੀ ਤੇ ਰੂਸ ਦੇ ਮੁਕਾਬਲੇ ਮਾਮੂਲੀ ਫਰਕ ਨਾਲ ਘੱਟ ਸੀ। ਰੂਸ ਦਾ ਵਿਦੇਸ਼ੀ ਕਰੰਸੀ ਭੰਡਾਰ 11 ਜੂਨ ਨੂੰ ਖ਼ਤਮ ਹਫ਼ਤੇ ਵਿੱਚ 0.04 ਅਰਬ ਡਾਲਰ ਘਟ ਕੇ 604.08 ਅਰਬ ਡਾਲਰ ਰਹਿ ਗਿਆ ਹੈ। ਭਾਰਤ ਚੀਨ, ਜਾਪਾਨ ਅਤੇ ਸਵਿਟਜ਼ਰਲੈਂਡ ਤੋਂ ਬਾਅਦ ਚੌਥੇ ਥਾਂ ਹੈ। ਚੀਨ ਕੋਲ ਮਈ ਤੱਕ 3,362 ਅਰਬ ਡਾਲਰ, ਜਾਪਾਨ ਦੇ ਕੋਲ ਅਪ੍ਰੈਲ ਤੱਕ 1,378 ਅਰਬ ਡਾਲਰ ਅਤੇ ਸਵਿਟਜ਼ਰਲੈਂਡ ਦੇ ਕੋਲ ਅਪ੍ਰੈਲ ਤਕ 1,070 ਅਰਬ ਡਾਲਰ ਤੋਂ ਜ਼ਿਆਦਾ ਦਾ ਵਿਦੇਸ਼ੀ ਕਰੰਸੀ ਦਾ ਖਜਾਨਾ ਸੀ।

# ਸ਼ਿਵ ਸੈਨਾ ਵਿਧਾਇਕ ਵੱਲੋਂ ਫਿਰ ਭਾਜਪਾ ਨਾਲ ਜੁੜਨ ਲਈ ਠਾਕਰੇ ਨੂੰ ਚਿੱਠੀ



**ਮੁੰਬਈ।** ਮਹਾਰਾਸ਼ਟਰ ਦੀ ਊਧਵ ਠਾਕਰੇ ਸਰਕਾਰ ਵਿੱਚ ਕੁਝ ਅਣਸੁਖਾਵੇਂਪਣ ਮੌਕੇ ਸ਼ਿਵ ਸੈਨਾ ਦੇ ਇੱਕ ਵਿਧਾਇਕ ਪ੍ਰਤਾਪ ਸਰਨਾਈਕ ਦੀ ਇੱਕ ਚਿੱਠੀ ਬਾਹਰ ਆਈ ਹੈ, ਜਿਹੜੀ ਊਧਵ ਠਾਕਰੇ ਨੂੰ ਲਿਖੀ ਗਈ ਹੈ। ਇਸ ਵਿੱਚ ਸਰਨਾਈਕ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮਿਲ ਜਾਣ ਉੱਤੇ ਸ਼ਿਵ ਸੈਨਾ ਫਾਇਦੇ ਵਿੱਚ ਰਹੇਗੀ। ਉਨ੍ਹਾਂ ਗੱਠਜੋੜ ਸਰਕਾਰ ਦੀ ਸਹਿਯੋਗੀ ਧਿਰ ਨੈਸ਼ਨਲਿਸਟ ਕਾਂਗਰਸ ਪਾਰਟੀ(ਐਨ ਸੀ ਪੀ) ਉੱਤੇ ਗੰਭੀਰ ਦੋਸ਼ ਲਾਏ ਹਨ। ਇਹ ਚਿੱਠੀ ਕਰੀਬ 10 ਦਿਨ ਪੁਰਾਣੀ ਦੱਸੀ ਜਾਂਦੀ ਹੈ।

ਸਰਨਾਈਕ ਨੇ ਇਸ ਚਿੱਠੀ ਵਿੱਚ ਕਿਹਾ ਹੈ ਕਿ ਐਨ ਸੀ ਪੀ ਅਤੇ ਕਾਂਗਰਸ ਆਪਣਾ ਮੁੱਖ ਮੰਤਰੀ ਚਾਹੁੰਦੀਆਂ ਜਮ ਅਤੇ ਕਾਂਗਰਸ ਇਕੱਲਿਆਂ ਚੋਣਾਂ ਲੜਨਾ ਚਾਹੁੰਦੀ ਹੈ, ਜਦ ਕਿ ਐਨ ਸੀ ਪੀ ਸਾਡੇ ਸ਼ਿਵ ਸੈਨਾ ਦੇ ਵਿਧਾਇਕਾਂ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਇੰਝ ਲੱਗਦਾ ਹੈ ਕਿ ਐਨ ਸੀ ਪੀ ਨੂੰ ਕੇਂਦਰ ਤੋਂ ਸਿੱਧੀ ਹਮਾਇਤ ਮਿਲ ਰਹੀ ਹੈ, ਕਿਉਂਕਿ ਐਨ ਸੀ ਪੀ ਦੇ ਆਗੂਆਂ ਪਿੱਛੇ ਕੋਈ ਕੇਂਦਰੀ ਜਾਂਚ ਏਜੰਸੀ ਨਹੀਂ ਲੱਗੀ। ਉਨ੍ਹਾਂ ਚਿੱਠੀ ਵਿੱਚ ਲਿਖਿਆ ਹੈ ਕਿ ਅਸੀਂ ਤੁਹਾਡੇ (ਊਧਵ ਠਾਕਰੇ) ਤੇ ਤੁਹਾਡੀ ਲੀਡਰਸ਼ਿਪ ਉੱਤੇ ਭਰੋਸਾ ਕਰਦੇ ਹਾਂ, ਪਰ ਕਾਂਗਰਸ ਅਤੇ ਐਨ ਸੀ ਪੀ ਵੱਲੋਂ ਸ਼ਿਵ ਸੈਨਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਚੱਲ ਰਹੀ ਹੈ। ਮੇਰਾ ਮੰਨਣਾ ਹੈ ਕਿ ਜੇ ਤੁਸੀਂ ਪ੍ਰਧਾਨ ਮੰਤਰੀ ਮੋਦੀ ਦੇ ਨੇੜੇ ਆਉਗੇ ਤਾਂ ਚੰਗਾ ਹੋਵੇਗਾ। ਜੇ ਅਸੀਂ ਇੱਕ ਵਾਰ ਇਕੱਠੇ ਹੋ ਗਏ ਤਾਂ ਇਹ ਪਾਰਟੀ ਤੇ ਵਰਕਰਾਂ ਲਈ ਫਾਇਦੇਮੰਦ ਹੋਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਨਾਲ ਮਹਾਨਗਰ ਪਾਲਿਕਾ ਚੋਣਾਂ ਵਿੱਚ ਗੱਠਜੋੜ ਹੋਇਆ ਤਾਂ ਉਸ ਦਾ ਲਾਭ ਸ਼ਿਵ ਸੈਨਾ ਨੂੰ ਹੀ ਮਿਲੇਗਾ। ਵਿਧਾਇਕ ਪ੍ਰਤਾਪ ਸਰਨਾਈਕ ਇਸ ਸਮੇਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਹਿਰਾਸਤ ਵਿੱਚ ਹਨ।

# 100 ਵਾਟਸਐਪ ਗਰੁੱਪਾਂ ਉੱਤੇ ਔਰਤਾਂ ਨਾਲ ਜੁੜਿਆ ਜਾਅਲੀ ਆਰਮੀ ਕੈਪਟਨ ਗ੍ਰਿਫਤਾਰ




**ਨਵੀਂ ਦਿੱਲੀ।** ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਭਾਰਤ ਵਿੱਚ ਚਾਲੀ ਸਾਲ ਦੇ ਇੱਕ ਵਿਅਕਤੀ ਨੂੰ ਹਨੀ ਟ੍ਰੈਪ ਵਿੱਚ ਫਸਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਜਿਸ ਨੂੰ ਇੱਕ ਫੌਜੀ ਅਧਿਕਾਰੀ ਦੇ ਰੂਪ 'ਚ ਘੁੰਮਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਆਈ ਐਸ ਆਈ ਉਸ ਨੂੰ ਅਸਲੀ ਫੌਜੀ ਅਧਿਕਾਰੀ ਮੰਨ ਰਹੀ ਸੀ। ਪੁਲਸ ਨੂੰਦੋਸ਼ੀ ਕੋਲੋਂ ਫੌਜ ਦਾ ਇੱਕ ਫਰਜ਼ੀ ਆਈ ਡੀ ਕਾਰਡ ਅਤੇ ਇੱਕ ਮੋਬਾਈਲ ਮਿਲਿਆ ਹੈ। ਦਿੱਲੀ ਪੁਲਸ ਨੇ ਦਿਲੀਪ ਕੁਮਾਰ (40) ਨੂੰ ਦਿੱਲੀ ਦੇ ਗ੍ਰੇਟਰ ਕੈਲਾਸ਼ ਇਲਾਕੇ ਤੋਂ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਹੈ। ਉਹ ਮੋਹਨ ਗਾਰਡਨ ਇਲਾਕੇ ਦਾ ਵਾਸੀ ਹੈ। ਪੁਲਸ ਸੂਤਰਾਂ ਨੇ ਦੱਸਿਆ ਕਿ ਉਹ 100 ਤੋਂ ਵੱਧ ਵਾਟਸਐਪ ਗਰੁੱਪਾਂ ਦਾ ਮੈਂਬਰ ਹੈ ਅਤੇ 100 ਤੋਂ ਵੱਧ ਔਰਤਾਂ ਦੇ ਸੰਪਰਕ ਵਿੱਚ ਹੈ। ਪੁਲਸ ਨੂੰ ਉਸ ਦੇ ਮੋਬਾਈਲ ਫੋਨ ਦੀ ਜਾਂਚ ਉੱਤੇ ਪਤਾ ਲੱਗਾ ਕਿ ਉਸ ਨੇ ਕਈ ਕੌਮਾਂਤਰੀ ਨੰਬਰਾਂ ਉੱਤੇ ਵੀਡੀਓ ਕਾਲਾਂ ਕੀਤੀਆਂ ਸਨ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਉਹ ਸੋਸ਼ਲ ਮੀਡੀਆ ਉੱਤੇ ਔਰਤਾਂ ਨੂੰ ਪ੍ਰਭਾਵਤ ਕਰਨ ਲਈ ਖੁਦ ਨੂੰ ਭਾਰਤੀ ਫੌਜ ਦਾ ਕੈਪਟਨ ਸ਼ੇਖਰ ਦੱਸਦਾ ਹੈ। ਉਸ ਨੇ ਇਹ ਵੀ ਦੱਸਿਆ ਕਿ ਉਸ ਨੇ ਕੁਝ ਵਿਦੇਸ਼ੀ ਨਾਗਰਿਕਾਂ ਨਾਲ ਗੱਲਬਾਤ ਵੀ ਕੀਤੀ ਹੈ ਅਤੇ ਉਨ੍ਹਾਂ ਦੀਆਂ ਕੁਝ ਤਸਵੀਰਾਂ ਅਤੇ ਵੀਡੀਓ ਸ਼ੇਅਰ ਕੀਤੇ ਹਨ। ਪੁਲਸ ਇਸ ਸਾਰੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕੈਪਟਨ ਅਮਰਿੰਦਰ ਦੇ ਫਾਰਮ ਹਾਊਸ ਨੇੜੇ ਸਿਰ-ਕੱਟੀ ਲਾਸ਼ ਮਿਲੀ



**ਮੋਹਾਲੀ।** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਫਾਰਮ ਹਾਊਸ ਦੀ ਦੀਵਾਰ ਤੋਂ ਕਰੀਬ ਪੰਜ ਮੀਟਰ ਦੂਰ ਇੱਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ। ਕਤਲ ਦੇ ਬਾਅਦ ਉਸ ਦਾ ਸਿਰ ਵੱਢ ਕੇ ਉਸ ਦੇ ਧੜ ਨੂੰ ਉਥੇ ਜ਼ਮੀਨ ਵਿੱਚ ਦਫਨਾ ਦਿੱਤਾ ਗਿਆ ਹੈ। ਮ੍ਰਿਤਕ ਦਾ ਸਿਰ ਬਰਾਮਦ ਨਹੀਂ ਹੋਇਆ। ਉਸ ਦੀ ਪਛਾਣ ਸੁੱਚਾ ਸਿੰਘ (40) ਵਜੋਂ ਹੋਈ ਹੈ। ਸੁੱਚਾ ਸਿੰਘ 12 ਜੂਨ ਤੋਂ ਲਾਪਤਾ ਸੀ ਤੇ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਥਾਣਾ ਮੁੱਲਾਂਪੁਰ ਗਰੀਬਦਾਸ ਵਿੱਚ ਦਰਜ ਕਰਵਾਈ ਸੀ। ਮੁੱਲਾਂਪੁਰ ਪੁਲਸ ਨੇ ਇਸ ਬਾਰੇ ਤਿੰਨ ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਦੋਸ਼ੀਆਂ ਦੀ ਪਛਾਣ ਜਗੀਰ ਸਿੰਘ, ਸਤਨਾਮ ਸਿੰਘ ਅਤੇ ਦੇਸ ਰਾਜ ਦੇ ਰੂਪ ਵਿੱਚ ਹੋਈ। ਐਸ ਐਚ ਓ ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੋ ਦੋਸ਼ੀਆਂ ਨੂੰ ਕਾਬੂ ਕਰ ਲਿਆ ਹੈ, ਜਦ ਕਿ ਜਗੀਰ ਸਿੰਘ ਅਜੇ ਫਰਾਰ ਹੈ।

ਸੁਪਰਡੈਂਟ ਆਫ ਪੁਲਸ (ਐਸ ਪੀ ਰੂਰਲ) ਰਵਜੋਤ ਕੌਰ ਗਰੇਵਾਲ ਦੇ ਮੁਤਾ-ਬਕ ਪਤਾ ਲੱਗਾ ਹੈ ਕਿ ਜਗੀਰ ਸਿੰਘ ਘੋਲਾ, ਸਤਨਾਮ ਸਿੰਘ, ਦੇਸ ਰਾਜ ਅਤੇ ਸੁੱਚਾ ਸਿੰਘ 12 ਜੂਨ ਦੀ ਸ਼ਾਮ ਨੂੰ ਜਗੀਰ ਸਿੰਘ ਘੋਲਾ ਦੇ ਫਾਰਮ ਹਾਊਸ ਵਿੱਚ ਸ਼ਰਾਬ ਪੀ ਰਹੇ ਸਨ। ਸ਼ਰਾਬ ਪੀਂਦੇ ਸਮੇਂ ਉਨ੍ਹਾਂ ਦੀ ਸੁੱਚਾ ਸਿੰਘ ਨਾਲ ਬਹਿਸ ਹੋ ਗਈ ਅਤੇ ਤਿੰਨਾਂ ਨੇ ਸੁੱਚਾ ਸਿੰਘ ਦਾ ਤੇਜ਼ਧਾਰ ਹਥਿਆਰ ਨਾਲ ਸਿਰ ਵੱਢ ਕੇ ਉਸ ਦੀ ਲਾਸ਼ ਜ਼ਮੀਨ ਵਿੱਚ ਦੱਬੀ ਅਤੇ ਫਰਾਰ ਹੋ ਗਏ। ਫਾਰਮ ਹਾਊਸ ਦੇ ਨਾਲ ਜਿਸ ਜ਼ਮੀਨ ਉੱਤੇ ਸੁੱਚਾ ਸਿੰਘ ਦਾ ਕਤਲ ਕਰ ਕੇ ਉਸ ਦੀ ਲਾਸ਼ ਨੂੰ ਦਬਾਇਆ ਗਿਆ ਸੀ, ਉਹ ਜ਼ਮੀਨ ਜਗੀਰ ਸਿੰਘ ਘੋਲਾ ਦੀ ਹੈ। ਸੁੱਚਾ ਸਿੰਘ ਦੀ ਲਾਸ਼ ਨੂੰ ਕੁੱਤੇ ਨੇ ਨੌਂ ਦਿਨ ਬਾਅਦ ਲੱਭਿਆ, ਜਿਸ ਦੇ ਬਾਅਦ ਪੁਲਸ ਨੂੰ ਸੁੱਚਾ ਸਿੰਘ ਦੇ ਕਤਲ ਦੀ ਜਾਣਕਾਰੀ ਮਿਲੀ। ਮ੍ਰਿਤਕ ਸੁੱਚਾ ਸਿੰਘ ਦੇ ਛੋਟੇ ਭਰਾ ਭੋਲਾ ਨੇ ਦੱਸਿਆ ਕਿ ਸੁੱਚਾ ਸਿੰਘ ਬੱਕਰੀਆਂ ਚਾਰਨ ਦਾ ਕੰਮ ਕਰਦਾ ਸੀ। ਜਗੀਰ ਸਿੰਘ 12 ਜੂਨ ਨੂੰ ਉਸ ਦੇ ਭਰਾ ਸੁੱਚਾ ਸਿੰਘ ਨੂੰ ਉਸ ਦੇ ਵਾੜੇ ਵਿੱਚ ਕੰਮ ਕਰਨ ਦੇ ਲਈ ਨਾਲ ਲੈ ਗਿਆ ਸੀ, ਪਰ ਉਹ ਦੋਬਾਰਾ ਘਰ ਵਾਪਸ ਨਹੀਂ ਆਇਆ ਸੀ।

# ਫ਼ਿਰੋਜ਼ਪੁਰ ਦੇ ਕਿਸਾਨ ਆਗੂ ਦੀ ਦਿੱਲੀ ਮੋਰਚੇ ਦੌਰਾਨ ਹੋਈ ਮੌਤ



**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਜ਼ੋਨ ਗੁਰੂ ਹਰਸਹਾਏ ਦੇ ਕਿਸਾਨ ਜਰਨੈਲ ਸਿੰਘ (46 ਸਾਲ) ਚੱਕ ਪਿੱਪਲੀ (ਚੱਕ ਮੇਘਾ ਵਿਰਾਨ) ਦੀ ਦਿੱਲੀ ਚੱਲ ਰਹੇ ਸੰਘਰਸ਼ ਦੌਰਾਨ ਜੋ ਕਿ 15 ਜੂਨ ਤੋਂ ਲਗਾਤਾਰ ਦਿੱਲੀ ਮੋਰਚੇ ਵਿਚ ਜੁੜੇ ਹੋਏ ਸਨ, ਅਚਾਨਕ ਉਨ੍ਹਾਂ ਦੀ ਉੱਥੇ ਤਬੀਅਤ ਵਿਗੜ ਗਈ ਤੇ ਰਸਤੇ ਵਿੱਚ ਆਉਂਦਿਆਂ ਮੌਤ ਹੋ ਗਈ। ਮ੍ਰਿਤਕ ਕਿਸਾਨ ਜੋ ਕਿ ਛੋਟੀ ਕਿਸਾਨੀ (2-3 ਏਕੜ) ਦੇ ਮਾਲਕ ਸਨ, ਮ੍ਰਿਤਕ ਦੇ ਪਿਛੇ ਪਰਿਵਾਰ ਵਿਚ 2 ਬੇਟੇ,1 ਬੇਟੀ, ਪਤਨੀ ਤੇ ਬਿਰਥ ਮਾਤਾ ਹਨ। ਅੱਜ ਫਿਰੋਜ਼ਪੁਰ ਸਿਵਲ ਹਸਪਤਾਲ ਵਿਖੇ ਉਨ੍ਹਾਂ ਦਾ ਪੋਸਟਮਾਰਟਮ ਕਰਕੇ ਦੇਰ ਸ਼ਾਮ ਉਨ੍ਹਾਂ ਦੇ ਪਿੰਡ ਚੱਕ ਪਿੱਪਲੀ ਵਿਖੇ ਜਥੇਬੰਦੀ ਵੱਲੋਂ ਪੂਰੇ ਸਨਮਾਨਾਂ ਨਾਲ ਅੰਤਮ ਸਸਕਾਰ ਕੀਤਾ ਜਾਵੇਗਾ ਤੇ ਜਥੇਬੰਦੀ ਮੰਗ ਕਰਦੀ ਹੈ ਕਿ ਪਰਿਵਾਰ ਨੂੰ ਪੰਜ ਲੱਖ ਦਾ ਮੁਆਵਜ਼ਾ ਤੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਮੌਕੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ, ਧਰਮ ਸਿੰਘ ਸਿੱਧੂ, ਨਰਿੰਦਰਪਾਲ ਸਿੰਘ ਜਤਾਲਾ, ਮੇਜਰ ਸਿੰਘ ਗਜਨੀ ਵਾਲਾ, ਮੰਗਲ ਸਿੰਘ ਸਵਾਈਕੇ, ਸਾਹਿਬ ਸਿੰਘ ਦੀਨੇ ਕੇ, ਰਣਜੀਤ ਸਿੰਘ ਖੱਚਰ ਵਾਲਾ ਬਲਜਿੰਦਰ ਤਲਵੰਡੀ,ਖਿਲਾਰਾ ਸਿੰਘ ਪੰਨੂ, ਰਸ਼ਪਾਲ ਸਿੰਘ ਗੱਟਾ ਬਾਦਸ਼ਾਹ, ਗੁਰਮੇਲ ਸਿੰਘ ਫੱਤੇਵਾਲਾ,ਭੱਪਾ ਸਰਪੰਚ, ਗੁਰਨਾਮ ਸਿੰਘ ਅਲੀਕੇ,ਫੁੰਮਣ ਸਿੰਘ ਆਦਿ ਆਗੂ ਹਾਜ਼ਰ।


# ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਫਿਰੋਜ਼ਪੁਰ ਦਿਹਾਤੀ ਦੇ ਲੋਕਾਂ ਵਲੋਂ ਸੁਆਗਤ- ਮੋੜਾ ਸਿੰਘ ਅਨਜਾਨ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਪੰਜਾਬ ਵਿੱਚ ਸਿਆਸਤ ਇਹਨੀਂ ਦਿਨੀਂ ਗਰਮਾਈ ਹੋਈ ਹੈ 2022 ਦੇ ਇਲੈਕਸ਼ਨ ਨੂੰ ਲੇ ਕੇ ਸਾਰੀਆਂ ਪਾਰਟੀਆਂ ਜੋਰ ਅਜਮਾਈ ਕਰ ਰਹੀਆ ਹਨ ਪੰਜਾਬ ਦੀ ਸਿਆਸਤ ਵਿੱਚ ਵੱਡਾ ਧਮਾਕਾ ਓਦੋਂ ਹੋਇਆ ਜਦੋਂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਬੇਅਦਬੀ ਦੀ ਜਾਂਚ ਕਰ ਚੁੱਕੇ ਐੱਸ ਆਈ ਟੀ ਦੇ ਸਾਬਕਾ ਮੁਖੀ ਨਿੱਧੜਕ ਪੁਲਸ ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸ੍ਰੀ ਅੰਮ੍ਰਿਤਸਰ ਸਹਿਬ ਵਿਖੇ ਦਿੱਲੀ ਦੇ ਮੁੱਖਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਸੁਪਰੀਮੋ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੋੜਾ ਸਿੰਘ ਅਨਜਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਆਉਣ ਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਲੋਕਾਂ ਵਲੋ ਸਵਾਗਤ ਹੈ ਅਨਜਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਆਉਣ ਨਾਲ ਪਾਰਟੀ ਨੂੰ ਵੱਡੀ ਮਜ਼ਬੂਤੀ ਮਿਲੇਗੀ ਅਨਜਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰਇਮਾਨਦਾਰ ਅਫ਼ਸਰਾਂ, ਖਿਡਾਰੀਆ , ਪ੍ਰੋਫ਼ੈਸਰਾ, ਬੁੱਧੀਜੀਵੀਆਂ ਤੇ ਪੰਜਾਬ ਦਾ ਭਲਾ ਚਾਹੁਣ ਵਾਲੇ ਹਰ ਇਕ ਬਾਸ਼ਿੰਦੇ ਦੀ ਲੋੜ ਹੈ ਤਾਂ ਜੋ ਪੰਜਾਬ ਵਿੱਚ ਇੱਕ ਸਰਕਾਰ ਬਣਾਈ ਜਾ ਸਕੇ ਅਨਜਾਨ ਨੇ ਕਿਹਾ ਕੇ ਆਮ ਆਦਮੀ ਪਾਰਟੀ ਹੀ ਪੰਜਾਬ ਦੇ ਲੋਕਾਂ ਦੇ ਮਸਲਿਆਂ ਦਾ ਹੱਲ ਹੈ ਤੇ ਲੋਕ ਵੀ ਇਸ ਵਾਰ ਆਮ ਆਦਮੀ ਪਾਰਟੀ ਨੂੰ ਉਮੀਦ ਦੇ ਰੂਪ ਚ ਦੇਖਦੇ ਹਨ।



# ਮੁਫ਼ਤ ਐਲ.ਈ.ਡੀ. ਬਲੱਬ ਵੰਡਣ ਦਾ ਲਗਾਇਆ ਜਾਵੇਗਾ ਕੈਂਪ

**ਨਕੋਦਰ (ਅਰਵਿੰਦਰ)** ਭੁਪਿੰਦਰ ਸਿੰਘ ਧੀਮਾਨ ਸਮਾਜ ਸੇਵਕ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿ ਸਰਕਾਰ ਵੱਲੋਂ ਕਿਫਾਇਤੀ ਐਲ.ਈ.ਡੀ. ਬਲੱਬ ਯੋਜਨਾ ਅਧੀਨ ਸਸਤੇ ਰੇਟਾਂ ਤੇ ਲੋਕਾਂ ਨੂੰ ਬਲੱਬ ਦੇਣ ਦੀ ਯੋਜਨਾ ਸ਼ੁਰੂ ਕੀਤੀ ਗਈ ਹੈ, ਉਸ ਯੋਜਨਾ ਤਹਿਤ 23 ਜੂਨ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਸਾਡੀ ਫੈਕਟਰੀ ਪ੍ਰੀਤ ਇੰਜਨੀਅਰਿੰਗ ਵਰਕਸ, ਕਪੂਰਥਲਾ ਰੋਡ, ਨਜਦੀਕ ਦੱਖਣੀ ਗੇਟ ਨਕੋਦਰ ਵਿਖੇ ਐਲ.ਈ.ਡੀ. ਬਲੱਬ ਵੰਡਣ ਦਾ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਚ ਲੋਕਾਂ ਨੂੰ ਮੁਫਤ ਐਲ.ਈ.ਡੀ. ਬਲੱਬ ਵੰਡੇ ਜਾਣਗੇ ਅਤੇ ਜੋ ਸਰਕਾਰੀ ਰੇਟ ਤੈਅ ਹੈ ਐਲ.ਈ.ਡੀ. ਬੱਲਬ ਦਾ ਜਿੰਨ੍ਹੇ ਵੀ ਬੱਲਬ ਵੰਡੇ ਜਾਣਗੇ, ਉਹਨਾਂ ਸਾਰੇ ਬੱਲਬਾਂ ਦਾ ਖਰਚਾ ਅਸੀਂ ਸਰਕਾਰ ਨੂੰ ਦੇਵਾਂਗੇ ਅਤੇ ਲੋਕਾਂ ਨੂੰ ਮੁਫਤ ਵਿੱਚ ਐਲ.ਈ.ਡੀ. ਬਲੱਬ ਦਿੱਤੇ ਜਾਣਗੇ। ਭੁਪਿੰਦਰ ਸਿੰਘ ਧੀਮਾਨ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣਾ ਬਿਜਲੀ ਦਾ ਬਿੱਲ ਅਤੇ ਅਧਾਰ ਕਾਰਡ ਦੀ ਕਾਪੀ ਨਾਲ ਲੈ ਕੇ ਜਰੂਰ ਆਓ, ਹਰ ਇਕ ਬਿਜਲੀ ਦੇ ਬਿੱਲ ਤੇ 2 ਐਲ.ਈ.ਡੀ. ਬਲੱਬ ਮੁਫਤ ਦਿੱਤੇ ਜਾਣਗੇ।



## ਦੀਵਰਾਜ ਠਾਕੁਰ ਦਾ ਜਨਮ ਦਿਨ ਮਨਾਇਆ



**ਕਰਤਾਰਪੁਰ (ਜਸਵੰਤ ਵਰਮਾ ,ਦਿਨੇਸ਼ ਕੁਮਾਰ)** ਕਰਤਾਰਪੁਰ ਦੇ ਸੀਨੀਅਰ ਕਾਂਗਰਸੀ ਆਗੂ ਵਿਜੈ ਠਾਕੁਰ ਦੇ ਪੋਤੇ ਦੀਵਰਾਜ ਠਾਕੁਰ ਦਾ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪਿਤਾ ਨਰਿੰਦਰ ਠਾਕੁਰ, ਮਾਤਾ ਅਭੀਲਾਸ਼ਾ ਠਾਕੁਰ, ਦਾਦਾ ਵਿਜੈ ਠਾਕੁਰ, ਦਾਦੀ ਰਾਣਾ ਠਾਕੁਰ ਵਲੋ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਕੇਕ ਕੱਟ ਕੇ ਮਾਸਟਰ ਦੀਵਰਾਜ ਨੂੰ ਵਧਾਈ ਦਿੱਤੀ ਗਈ।ਇਸ ਮੌਕੇ ਕਮਲਜੀਤ ਉਹਰੀ,ਦੀਪੂ ਸੇਠ, ਜਸਵੰਤ ਵਰਮ, ਦੀਪਕ ਕੁਮਾਰ, ਗੋਪਾਲ ਸੂਦ,ਵਰਿੰਦਰ ਆਨੰਦ, ਨਰਿੰਦਰ ਸਿੰਘ ਅਰੋੜਾ, ਸੁਰਿੰਦਰ ਕਾਲੀਆਂ,ਬਾਲ ਮੁਕੰਦ ਬਾਲੀ,ਦੀਪੀ ਸੇਠ, ਵਰਿੰਦਰ ਸ਼ਰਮਾ ਬਿੰਦੂ, ਪ੍ਰਵੀਨ ਕੁਮਾਰ ਮਿੰਟਾਂ, ਜਸਵੰਤ ਵਰਮਾ ਦੀਪਕ ਕੁਮਾਰ ਵਿੱਕੀ,ਅਤੇ ਠਾਕੁਰ ਪਰਿਵਾਰ ਅਤੇ ਮਹਾਜਨ ਪਰਿਵਾਰ ਹਾਜਰ ਸਨ।

# ਅੰਤਰ ਰਾਸਟਰੀ ਯੋਗਾ ਦਿਵਸ ਦੇ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਿਵਾਸ ਚੰਡੀਗੜ ਵਿਖੇ ਰਾਜ ਪੱਧਰੀ ਸਮਾਰੋਹ ਦਾ ਆਯੋਜਨ ਕੀਤਾ ਗਿਆ

**ਚੰਡੀਗੜ (ਦੀਪਕ ਸਰਮਾ)** ਹਰਿਆਣਾ ਦੇ ਮੁੱਖ ਮੰਤਰੀ ਨਿਵਾਸ ਚੰਡੀਗੜ ਵਿਖੇ ਅੰਤਰ ਰਾਸਟਰੀ ਯੋਗ ਦਿਵਸ ਦੇ ਮੌਕੇ 'ਤੇ ਰਾਜ ਪੱਧਰੀ ਸਮਾਰੋਹ ਆਯੋਜਿਤ ਕੀਤਾ ਗਿਆ । ਸਿਹਤ ਮੰਤਰੀ ਅਨਿਲ ਵਿਜ ਨੇ ਦੱਸਿਆ ਕਿ ਰਾਜ ਭਰ ਵਿੱਚ 1100 ਥਾਵਾਂ 'ਤੇ ਯੋਗਾ ਕੈਂਪ ਲਗਾਏ ਗਏ ਸਨ ਅਤੇ ਹਰੇਕ ਕੈਂਪ ਵਿੱਚ 50 ਵਿਅਕਤੀਆਂ ਦੀ ਹਾਜਰੀ ਤੈਅ ਕੀਤੀ ਗਈ ਸੀ । ਵਿਜ ਨੇ ਕਿਹਾ ਕਿ ਅੰਤਰਰਾਸਟਰੀ ਯੋਗਾ ਦਿਵਸ ਦੇ ਸਾਰੇ ਸਮਾਗਮਾਂ ਵਿਚ ਕੋਵਿਡ ਪ੍ਰੋਟੋਕੋਲ ਦਾ ਪੂਰਾ ਧਿਆਨ ਰੱਖਿਆ ਗਿਆ । ਹਰਿਆਣਾ ਯੋਗਾ ਕਮਿਸਨ ਦੇ ਚੇਅਰਮੈਨ ਡਾ: ਜੈਦੀਪ ਆਰੀਆ ਨੇ ਕਿਹਾ ਕਿ ਕੋਵਿਡ ਪ੍ਰੋਟੋਕੋਲ ਸਣੇ ਹਰ ਜ਼ਿਲੇ ਵਿਚ ਯੋਗਾ ਦਿਵਸ ਮਨਾਇਆ ਗਿਆ । ਇਸ ਦੇ ਨਾਲ ਹੀ, ਇੱਕ ਵੈਬਿਨਾਰ ਵੀ ਸਾਮ 3 ਵਜੇ ਹਰਿਆਣਾ ਯੋਗ ਕਮਿਸਨ ਦੁਆਰਾ ਕੀਤਾ ਗਿਆ । ਇਸ ਵਿਚ ਯੋਗ ਆਚਾਰੀਆ ਅਤੇ ਹੋਰ ਮਾਹਰਾ ਨੇ ਹਿੱਸਾ ਲੀਤਾ । ਇਸ ਤੋਂ ਪਹਿਲਾਂ ਪੰਚਕੂਲਾ ਹੈੱਡਕੁਆਰਟਰ ਵਿਖੇ ਚੱਲ ਰਿਹਾ ਤਿੰਨ ਰੋਜਾ ਯੋਗ ਕੈਂਪ ਸਮਾਪਤ ਹੋਇਆ । ਹਰਿਆਣਾ ਦੇ ਰਾਜਪਾਲ ਸੱਤਦੇਵ ਨਾਰਾਇਣ ਆਰੀਆ ਨੇ ਲੋਕਾਂ ਨੂੰ ਸੱਤਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੀ ਸੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਰੋਜ਼ ਯੋਗ, ਕਸਰਤ ਅਤੇ ਪ੍ਰਾਣਾਯਾਮ ਕਰਨ ਨਾਲ ਸਰੀਰ ਵਿਚ ਰੋਗ ਪ੍ਰਤੀਰੋਧਕ ਸਕਤੀ ਵੱਧ ਦੀ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਆਪਣੀ ਰੋਜਮਰਾ ਦੀਆਂ ਗਤੀਵਿਧੀਆਂ ਵਿਚ ਯੋਗ ਨੂੰ ਸਾਮਲ ਕਰਨਾ ਚਾਹੀਦਾ ਹੈ । ਆਰੀਆ ਨੇ ਰਾਜ ਦੇ ਲੋਕਾਂ ਨੂੰ ਆਪਣੇ ਸੰਦੇਸ ਵਿੱਚ ਕਿਹਾ ਕਿ ਯੋਗਾ ਭਾਰਤ ਦੀ ਪ੍ਰਾਚੀਨ ਪ੍ਰਣਾਲੀ ਅਤੇ ਸਿਹਤਮੰਦ ਜੀਵਨ ਜਿਉਣ ਦੀ ਕਲਾ ਦਾ ਅਨਮੋਲ ਤੋਹਫਾ ਹੈ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾ ਸਿਰਫ ਭਾਰਤ ਨੂੰ, ਬਲਕਿ ਸਮੁੱਚੀ ਮਾਨਵਤਾ ਨੂੰ ਸਵਸਥ ਬਣਾਈ ਰੱਖਣ ਲਈ ਯੋਗਾ ਦੇ ਪ੍ਰਚਾਰ ਦਾ ਕੰਮ ਕੀਤਾ ਹੈ । ਪ੍ਰਧਾਨ ਮੰਤਰੀ ਦੇ ਯਤਨਾਂ ਸਦਕਾ ਯੋਗਾ ਨੂੰ ਅੰਤਰਰਾਸਟਰੀ ਮਾਨਤਾ ਮਿਲੀ ਹੈ । ਉਨਾਂ ਕਿਹਾ ਕਿ ਵਿਸਵ ਦੇ ਸਾਰੇ ਡਾਕਟਰਾਂ ਅਤੇ ਮਾਹਰਾਂ ਦਾ ਮੰਨਣਾ ਹੈ ਕਿ ਕੋਰੋਨਾ ਵਰਗੀ ਬਿਮਾਰੀ ਸਰੀਰ ਵਿੱਚ ਰੋਗ ਪ੍ਰਤੀਰੋਧਕ ਸ਼ਕਤੀ ਵਧਾ ਕੇ ਹੀ ਕੋਰੋਨਾ ਜਿਹੀ ਬਿਮਾਰੀ ਤੋਂ ਲੜਿਆ ਜਾ ਸਕਦਾ ਹੈ ।



# ਇੰਡੀਅਨ ਵੈਟਰਨਜ਼ ਸੰਸਥਾ ਦੀ ਹੋਈ ਮੀਟਿੰਗ !

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਇੰਡੀਅਨ ਵੈਟਰਨਜ਼ ਸੰਸਥਾ ਦੀ ਬਲਾਕ ਜ਼ੀਰਾ ਅਤੇ ਬਲਾਕ ਘੱਲਖੁਰਦ ਜਿਲ੍ਹਾ ਫਿਰੋਜ਼ਪੁਰ ਪੰਜਾਬ ਦੇ ਆਹੁਦੇਦਾਰਾਂ ਦੀ ਮੀਟਿੰਗ ਤਲਵੰਡੀ ਭਾਈ ਵਿੱਖੇ ਜਿਲਾ ਪ੍ਰਧਾਨ ਕੈਪਟਨ ਬਲਵਿੰਦਰ ਸਿੰਘ ਦੀ ਪਰਧਾਨਗੀ ਹੇਠ ਹੋਈ. ਜਿਸ ਵਿੱਚ ਜਿਲਾ ਤੇ ਬਲਾਕ ਦੇ ਅਹੁਦੇਦਾਰਾਂ ਨੇ ਆਪੋ ਆਪਣੇ ਵਿਚਾਰ ਰਖੇ ! ਜਿਲ੍ਹਾ ਪ੍ਰਧਾਨ ਕਪਤਾਨ ਬਲਵਿੰਦਰ ਸਿੰਘ ਨੇ ਮੀਟਿੰਗ ਨੂੰ ਸਬੋਧਨ ਕਰਦਿਆਂ ਸਭ ਤੋਂ ਪਹਿਲਾ ਜੋ ਪੂਰੇ ਸੰਸਾਰ ਵਿੱਚ ਕਾਰੋਣਾ ਮਹਾਮਾਰੀ ਫੈਲੀ ਹੋਈ ਹੈ ਉਸਤੋਂ ਬਚਣ ਲਈ ਕਾਰੋਣਾ ਵੈਕਸੀਨ ਲਗਵਾਉਣ ਲਈ ਸਭ ਨੂੰ ਪ੍ਰੇਰਿਤ ਕੀਤਾ ਤੇ ਜਸਟਿਸ ਫਾਰ ਐਨਕੇ ਰੇਸ਼ਮ ਸਿੰਘ ਪੀਲੀਭੀਤ (ਯੂ ਪੀ) ਬਾਰੇ ਵੀ ਰੋਸ਼ਨੀ ਪਾਈ.ਸਾਰੇ ਵੈਟਰਨਜ਼ ਨੂੰ ਕੇਂਦਰ ਸਰਕਾਰ ਤੋਂ ਮਿਲਣ ਵਾਲੀਆਂ ਨਵੀਆਂ ਸਕੀਮਾ ਬਾਰੇ ਦਸਿਆ ਅਤੇ ਆਪਣੇ ਯੋਗ ਬਚਿਆ ਦੇ ਐਨ ਡੀ ਏ ਫਾਰਮ ਭਰਨ ਲਈ ਕਿਹਾ. ਜੋ ਇਸ ਸਮੇ ਭਰੇ ਜਾ ਰਹੇ ਹਨ । ਅਖੀਰ ਵਿੱਚ ਕੈਪਟਨ ਬਲਵਿੰਦਰ ਸਿੰਘ ਨੇ ਆਏ ਹੋਏ ਸਾਥੀਆਂ ਦਾ ਧਨਵਾਦ ਕੀਤਾ । ਇਸ ਮੌਕੇ ਬਲਾਕ ਪ੍ਰਧਾਨ ਮਲਕੀਤ ਸਿੰਘ, ਬਲਾਕ ਪ੍ਰਧਾਨ ਪ੍ਰਤਾਪ ਸਿੰਘ, ਗੁਰਮੇਲ ਸਿੰਘ, ਜਿਲਾ ਕੋਆਰਡੀਨੇਟਰ ਹਰਪਾਲ ਸਿੰਘ, ਡਿਸਟ੍ਰਿਕ ਕੈਸ਼ੀਅਰ ਲਖਵਿੰਦਰ ਸਿੰਘ, ਜ਼ੀਰਾ ਬਲਾਕ ਕੋਆਰਡੀਨੇਟਰ ਗੁਰਲਾਲ ਸਿੰਘ, ਰੁਪਿੰਦਰ ਸਿੰਘ ਜ਼ੀਰਾ। ਬਲਾਕ ਘੱਲਖੁਰਦ ਸੈਕਟਰੀ ਬਲਜੀਤ ਸਿੰਘਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਹੁਦੇਦਾਰ ਅਤੇ ਵੈਟਰਨਜ਼ ਹਾਜ਼ਿਰ ਰਹੇ !




# ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਮੂਹ ਮੁਲਾਜਮ ਵਰਗ ਤੇ 2.72 ਦਾ ਫਾਰਮੂਲਾ ਲਾਗੂ ਕੀਤਾਜਾਵੇ- ਲੂਥਰਾ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਪੰਜਾਬ ਯੂ.ਟੀ. ਮੁਲਾਜਮ ਅਤੇ ਪੈਨਸ਼ਨਰਜ ਸਾਝਾਂਫਰੰਟ ਵੱਲੋਂ 22 ਜੂਨ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਮੁਲਾਜ਼ਮ ਮੰਗਾ ਨੂੰ ਮਨਵਾਉਣ ਵਾਸਤੇ ਅਤੇ ਤਿੱਖੇ ਸੰਘਰਸ਼ਾਂਦੀ ਰੂਪ-ਰੇਖਾ ਸਰਕਾਰ ਵਿਰੁੱਧ ਉਲੀਕਣ ਬਾਰੇ ਕੀਤੀ ਜਾ ਰਹੀ ਕਨਵੈਨਸ਼ਨ ਦੀਆਂ ਤਿਆਰੀਆਂ ਸਬੰਧੀ ਅੱਜ ਪੰਜਾਬ ਸੁਬਾਰਡੀਨੇਟ ਸਰਵਿਸਿਸ ਫੈਡਰੇਸ਼ਨ (ਵਿਗਿਆਨਿਕ) ਵੱਲੋਂ ਰਵਿੰਦਰ ਲੂਥਰਾ ਦੀ ਅਗਵਾਈ ਹੇਠ ਸਿਵਲ ਹਸਪਤਾਲ, ਫਿਰੋਜ਼ਪੁਰ ਵਿੱਚ ਵਿਸ਼ਾਲ ਰੈਲੀ ਕੀਤੀ ਗਈ, ਜਿਸ ਵਿੱਚ ਇਸਤਰੀ ਮੁਲਾਜਮਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆ ਰਵਿੰਦਰ ਲੂਥਰਾ ਨੇ ਦੱਸਿਆ ਕਿ ਸਰਕਾਰ ਵੱਲੋਂ ਜੋ ਪੇ-ਕਮਿਸ਼ਨ ਦੀ ਅਧੂਰੀ ਰਿਪ੍ਰੋਟ ਪੇਸ਼ ਕੀਤੀ ਗਈ ਹੈ ਜਿਸ ਵਿੱਚ ਸੀ-ਕੈਟਾਗਿਰੀ ਅਤੇ ਡੀ-ਕੈਟਾਗਿਰੀ ਦੇ ਮੁਲਾਜਮਾਂ ਅਤੇ ਦਸੰਬਰ 11 ਵਿੱਚ ਕੈਬਨਿਟ ਸਬ-ਕਮੇਟੀ ਵੱਲੋਂ ਦਿੱਤੀ ਰਿਪ੍ਰੋਟ ਤੇ ਵੱਖ-ਵੱਖ ਫਾਰਮੂਲੇ ਜਿਵੇ ਕਿ 2:59, 2:25, 2:64ਅਤੇ 2:72 ਲਗਾ ਕੇ ਮੁਲਾਜਮਾਂ ਨਾਲ ਵਿਤਕਰਾਕੀਤਾ ਗਿਆ ਹੈ। ਸਰਕਾਰ ਦਾ ਇਹ ਫੈਸਲਾ ਅਤਿ ਨਿੰਦਣਯੋਗ ਹੈ। ਉਹਨਾਂ ਸਰਕਾਰ ਪਾਸੋ ਮੰਗ ਕੀਤੀ ਕਿ ਸਮੂਹ ਮੁਲਾਜਮ ਵਰਗ ਤੇ 2:72 ਵਾਲਾ ਫਾਰਮੂਲਾ ਲਾਗੂ ਕੀਤਾ ਜਾਵੇ, ਵੱਖ-ਵੱਖ ਵਿਭਾਗਾ ਵਿੱਚ ਠੇਕੇ ਤੇ, ਆਊਟ-ਸੋਰਸਿੰਗ, ਡੇਲੀਵੇਜ਼ਿਜ਼ ਅਤੇ ਕੇਂਦਰ ਅਤੇ ਪੰਜਾਬ ਦੀਆਂ ਵੱਖ-ਵੱਖ ਸਕੀਮਾਂ ਅਧੀਨ ਕੰਮਕਰਦੇ ਮੁਲਾਜਮਾਂ ਨੂੰਤਰੁੰਤ ਰੈਗੂਲਰ ਕੀਤਾ ਜਾਵੇ, ਸਮੂਹ ਵਿਭਾਗਾ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਤੁਰੰਤ ਰੈਗੂਲਰ ਤੌਰ ਤੇ ਭਰਿਆ ਜਾਵੇ। ਸਮੂਹ ਵੱਖ-ਵੱਖ ਵਿਭਾਗਾ ਵਿੱਚ ਨਵੇ ਭਰਤੀ ਹੋਏ ਮੁਲਾਜਮਾਂ ਤੇ ਪ੍ਰੋਬੇਸ਼ਨ-ਪੀਰਿਅਡ ਦੀ ਸ਼ਰਤ ਖ਼ਤਮ ਕਰਕੇ ਪੂਰੀਆਂ ਤਨਖਾਹ ਅਤੇ ਭੱਤੇ ਦਿੱਤੇ ਜਾਣ ਆਦਿ ਮੰਗਾਂ ਦੀ ਪ੍ਰਾਪਤੀ ਵਾਸਤੇ ਸਰਕਾਰ ਵਿਰੁੱਧ ਫੈਸਲਾਕੁੰਨ ਸੰਘਰਸ਼ ਕੀਤਾ ਜਾਵੇਗਾ।



ਇਸ ਰੈਲੀ ਨੂੰ ਰਮਨ-ਅੱਤਰੀ, ਦਵਿੰਦਰ ਸਿੰਘ, ਮਨੋਜ ਗਰੋਵਰ, ਸੇਖ਼ਰ, ਦੇਸਾ ਸਿੰਘ, ਰਾਕੇਸ਼ਗਿੱਲ, ਰਵਿੰਦਰ ਸ਼ਰਮਾ, ਪੁਨੀਤ ਮਹਿਤਾ, ਬਲਵੀਰ ਗਿੱਲਾਵਾਲਾ, ਵਿਕਾਸ ਕੁਮਾਰ, ਸੁਰਜੀਤ ਸਿੰਘ, ਬਲਵੀਰ ਸਿੰਘ, ਰਾਧੇ ਸ਼ਾਮ, ਪਵਨ ਮਨਚੰਦਾ, ਵਿਕਰਮ, ਅਮਨ ਹੈਪੀ, ਵਿਸ਼ਾਲ ਗੁਪਤਾ, ਮੁਖਤਿਆਰ ਸਿੰਘ, ਅਮਰਿੰਦਰ ਸਿੰਘ, ਸੰਦੀਪ ਕੁਮਾਰ, ਭੁਪੇਸ਼ ਚੋਪੜਾ, ਕੰਵਲਜੀਤ ਕੌਰ, ਜਾਗੀਰ ਸਿੰਘ, ਭੁਪਿੰਦਰ ਕੌਰ, ਰਜਨੀਸ਼ ਸ਼ਰਮਾ, ਕਮਲਾ, ਸੋਨੀਆ, ਸ਼ਿਵਾਨੀ, ਹਰਪ੍ਰੀਤ ਕੋਰ, ਜਾਗੀਰ ਸਿੰਘ, ਆਗੂ ਨੇ ਰੈਲੀ ਨੂੰ ਸੰਬੋਧਨ ਕਰਦਿਆ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪੇ-ਕਮਿਸ਼ਨ ਦੀ ਰਿਪ੍ਰੋਟ ਲਾਗੂ ਕਰਨ ਤੋਂ ਪਹਿਲਾ ਸਾਝੇ ਮੁਲਾਜਮ ਮੋਰਚੇ ਨਾਲ ਦੋ ਧਿਰੀ ਗੱਲਬਾਤ ਕਰਕੇ ਪੇ-ਕਮਿਸ਼ਨ ਦੀ ਰਿਪ੍ਰੋਟ ਦੀਆਂ ਤਰੁੱਟੀਆਂ ਨੂੰ ਨਾ ਦੂਰ ਕੀਤਾ ਗਿਆ ਅਤੇ ਬਾਕੀ ਮੁਲਾਜਮ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਇਸ ਦਾ ਖਮਿਆਜਾ ਭੁਗਤਨਾ ਪਵੇਗਾ।

# ਡਿਪਟੀ ਕਮਿਸ਼ਨਰ ਵਲੋਂ ਹੜ ਰੋਕੂ ਪ੍ਰਬੰਧਾਂ ਦਾ ਜਾਇਜ਼ਾ

**ਕਪੂਰਥਲਾ।** ਡਿਪਟੀ ਕਮਿਸ਼ਨਰ ਕਪੂਰਥਲਾ ਸ਼੍ਰੀਮਤੀ ਦੀਪਤੀ ਉੱਪਲ ਵਲੋਂ ਅੱਜ ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਜਿਲੇ ਵਿਚ ਹੜ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਸਥਾਨਕ ਜਿਲਾ ਪ੍ਰਸ਼ਾਸ਼ਕੀ ਕੰਪਲੈਕਸ ਵਿਖੇ ਪੁਲਿਸ, ਵਧੀਕ ਡਿਪਟੀ ਕਮਿਸ਼ਨਰਾਂ, ਡਰੇਨਜ਼, ਵਾਟਰ ਸਪਲਾਈ, ਲੋਕ ਨਿਰਮਾਣ ਵਿਭਾਗ , ਮਾਲ ਵਿਭਾਗ ਤੇ ਹੋਰਨਾਂ ਵਿਭਾਗਾਂ ਦੇ ਉੱਚ ਅਧਿਕਾਰੀਆਂ ਦੀ ਇਕ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੁਲਾਈ ਦੇ ਪਹਿਲੇ ਹਫਤੇ ਤੱਕ ਹੜ ਦੀ ਰੋਕਥਾਮ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾਣ। ਉਨਾਂ ਡਰੇਜ਼ਨ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਲਗਾਤਾਰ ਪੌਂਗ ਡੈਮ ਤੇ ਭਾਖੜਾ ਡੈਮ ਵਿਖੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅਧਿਕਾਰੀਆਂ ਨਾਲ ਰਾਬਤਾ ਰੱਖਣ ਅਤੇ ਮੀਂਹ ਸਬੰਧੀ ਰੋਜ਼ਾਨਾ ਦੇ ਆਧਾਰ 'ਤੇ ਰਿਪੋਰਟ ਸੌਂਪੀ ਜਾਵੇ। ਇਸ ਸਬੰਧੀ ਡਰੇਜ਼ਨ ਵਿਭਾਗ ਵਲੋਂ ਇਕ ਕੰਟਰੋਲ ਰੂਮ ਵੀ ਸਥਾਪਿਤ ਕੀਤਾ ਗਿਆ ਹੈ, ਜਿਸਦਾ ਨੰਬਰ 73408-13228 ਹੈ। ਉਨਾਂ ਇਹ ਵੀ ਕਿਹਾ ਕਿ ਬਿਆਸ ਦਰਿਆ ਤੇ ਸਤਲੁਜ ਦਰਿਆ ਦੇ ਕਿਨਾਰੇ ਵਸੇ ਲੋਕਾਂ ਨਾਲ ਰਾਬਤਾ ਰੱਖਣ ਅਤੇ ਦੋਹਾਂ ਦਰਿਆਵਾਂ ਦੇ ਕਪੂਰਥਲਾ ਜਿਲੇ ਵਿਚ ਪੈਂਦੇ ਧੁੱਸੀ ਬੰਨਾਂ ਦਾ ਦੌਰਾ ਕਰਕੇ ਕਮਜ਼ੋਰ ਥਾਵਾਂ ਦੀ ਪਛਾਣ ਕਰਕੇ ਉਨਾਂ ਦੀ ਮਜ਼ਬੂਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਤੋਂ ਇਲਾਵਾ ਉਨਾਂ ਕਿਸੇ ਅਣਸੁਖਾਵੇਂ ਹਾਲਾਤ ਨਾਲ ਨਜਿੱਠਣ ਲਈ ਬੋਰੀਆਂ, ਰੇਤ, ਪਾਣੀ ਵਾਲੀਆਂ ਬੋਟਾਂ ਆਦਿ ਦਾ ਅਗਾਊਂ ਪ੍ਰਬੰਧ ਕਰਨ ਦੇ ਹੁਕਮ ਦਿੱਤੇ। ਉਨਾਂ ਕਿਹਾ ਕਿ ਧੁੱਸੀ ਬੰਨ ਦੇ ਅੰਦਰ ਵਾਲੇ ਪਾਸੇ ਮਹੱਤਵਪੂਰਨ ਥਾਵਾਂ ਦੀ ਪਹਿਚਾਣ ਕਰਕੇ ਵਾਇਰਲੈਸ ਸਿਸਟਮ ਚਾਲੂ ਕੀਤਾ ਜਾਵੇ ਤਾਂ ਜੋ ਕਿਸੇ ਵੀ ਹੰਗਾਮੀ ਹਾਲਾਤ ਵਿਚ ਸੰਚਾਰ ਵਿਚ ਦਿੱਕਤ ਨਾ ਆਵੇ। ਇਸ ਤੋਂ ਇਲਾਵਾ ਦਰਿਆ ਕਿਨਾਰੇ ਵਸੇ ਲੋਕਾਂ ਨਾਲ ਤੇਜੀ ਨਾਲ ਸੰਪਰਕ ਸਾਧਣ ਵਾਸਤੇ ਪੇਂਡੂ ਵਿਕਾਸ ਵਿਭਾਗ ਦੇ ਅਧਿਕਾਰੀਆਂ ਨੂੰ ਸਰਪੰਚਾਂ, ਪੰਚਾਂ, ਮੋਹਤਬਰ ਵਿਅਕਤੀਆਂ ਦੇ ਮੋਬਾਇਲ ਨੰਬਰ ਆਦਿ ਵੀ ਦਰਜ ਕਰਨ ਲਈ ਕਿਹਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਬੰਨਾਂ ਦੇ ਅੰਦਰ ਵਾਲੇ ਪਾਸੇ ਜਿਆਦਾ ਖਤਰੇ ਵਾਲੇ 26 ਪਿੰਡਾਂ ਦੀ ਪਹਿਚਾਣ ਕੀਤੀ ਗਈ ਹੈ। ਉਨਾਂ ਇਹ ਵੀ ਦੱਸਿਆ ਕਿ ਜਿਲਾ ਪ੍ਰਸ਼ਾਸ਼ਨ ਵਲੋਂ ਬਿਆਸ ਦਰਿਆ ਦੇ ਕਿਨਾਰੇ ਹੜਾਂ ਦੀ ਮਾਰ ਤੋਂ ਬਚਾਅ ਲਈ ਪੱਥਰ ਦੇ ਸਟੱਡ ਵੀ ਲਗਾਏ ਗਏ ਹਨ, ਜਿਨਾਂ ਉੱਪਰ 1 ਕਰੋੜ 80 ਲੱਖ ਰੁਪੈ ਖਰਚ ਹੋਏ ਹਨ। ਕਰਮੂਵਾਲਾ ਪੱਤਣ, ਢਿਲਵਾਂ ਖੇਤਰ, ਆਹਲੀ ਕਲਾਂ ਆਦਿ ਵਿਖੇ ਸਟੱਡ ਲਾ ਕੇ 12000 ਏਕੜ ਵਾਹੀਯੋਗ ਜ਼ਮੀਨ ਨੂੰ ਦਰਿਆ ਦੀ ਮਾਰ ਤੋਂ ਬਚਾਇਆ ਗਿਆ ਹੈ।ਇਸ ਤੋਂ ਇਲਾਵਾ ਜਿਲਾ ਮਾਲ ਅਫਸਰ ਨੇ ਦੱਸਿਆ ਕਿ ਇਕ ਜਿਲਾ ਪੱਧਰੀ ਕੰਟਰੋਲ ਰੂਮ ਵੀ ਸਥਾਪਿਤ ਕੀਤਾ ਗਿਆ ਹੈ, ਜਿਸਦਾ ਨੰਬਰ 01822-231990 ਹੈ। ਡਿਪਟੀ ਕਮਿਸ਼ਨਰ ਨੇ ਐਸ.ਡੀ.ਆਰ. ਐਫ. ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਕਿਸੇ ਵੀ ਮਾੜੇ ਹਾਲਾਤਾਂ ਦੇ ਟਾਕਰੇ ਲਈ ਕਿਸ਼ਤੀਆਂ, ਬਚਾਅ ਕਾਰਜਾਂ ਦੀ ਯੋਜਨਾ , ਗੋਤਾਖੋਰਾਂ ਦੀ ਸੂਚੀ ਆਦਿ ਜਿਲਾ ਪ੍ਰਸ਼ਾਸ਼ਨ ਨਾਲ ਸਾਂਝੀ ਕਰਨ। ਇਸ ਤੋਂ ਇਲਾਵਾ ਸਿਹਤ ਵਿਭਾਗ ਨੂੰ ਦਵਾਈਆਂ ਦੇ ਪ੍ਰਬੰਧ, ਸਿਹਤ ਟੀਮਾਂ ਦੇ ਗਠਨ ਕਰਕੇ ਸੂਚੀਆਂ ਜਿਲਾ ਪ੍ਰਸ਼ਾਸ਼ਨ ਕੋਲ ਮੁਹੱਈਆ ਕਰਵਾਉਣ ਲਈ ਕਿਹਾ ਗਿਆ। ਇਸ ਤੋਂ ਇਲਾਵਾ ਡਰੇਨਜ਼ ਵਿਭਾਗ ਨੂੰ ਸੂਇਆਂ, ਰਜਬਾਹਿਆਂ ਦੀ ਸਾਫ ਸਫਾਈ ਕਰਵਾਉਣ ਦੇ ਵੀ ਹੁਕਮ ਦਿੱਤੇ ਗਏ , ਜਿਸਨੂੰ ਮਾਨਸੂਨ ਤੋਂ ਪਹਿਲਾਂ ਮੁਕੰਮਲ ਕੀਤਾ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ ਐਸ ਪੀ ਆਂਗਰਾ, ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਰਾਜੀਵ ਵਰਮਾ, ਐਸ ਪੀ ਜਸਬੀਰ ਸਿੰਘ, ਐਸ ਡੀ ਐਮ ਕਪੂਰਥਲਾ ਵਰਿੰਦਰਪਾਲ ਸਿੰਘ ਬਾਜਵਾ, ਐਸ ਡੀ ਐਮ ਸੁਲਤਾਨਪੁਰ ਲੋਧੀ ਡਾ ਚਾਰੂਮਿਤਾ, ਐਸ ਡੀ ਐਮ ਭੁਲੱਥ ਬਲਬੀਰ ਰਾਜ , ਐਸ ਡੀ ਐਮ ਫਗਵਾੜਾ ਸ਼ਾਇਰੀ ਮਲਹੋਤਰਾ ਤੇ ਹੋਰ ਵਿਭਾਗਾਂ ਦੇ ਉਚ ਅਧਿਕਾਰੀ ਹਾਜਰ ਸਨ ।



## ਇਨਸਾਨ ਪਰਮਾਤਮਾ ਦੀ ਸਭ ਤੋਂ ਉੱਤਮ ਰਚਨਾ ਤਾਂ ਕਿਰਦਾਰ ਵੀ ਉਹੋ ਜਿਹਾ ਹੀ ਹੋਣਾ ਚਾਹੀਦਾ ਹੈ : ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

**ਹੁਸ਼ਿਆਰਪੁਰ।** ਸੰਤ ਹਮੇਸ਼ਾ ਪਰਮਾਰਥ ਨੂੰ , ਭਗਤੀ ਨੂੰ ਪਹਿਲ ਦਿੰਦੇ ਹਨ । ਉਨਾਂ ਦੇ ਜੀਵਨ ਵਿੱਚ ਸੇਵਾ ਸਿਮਰਨ ਅਤੇ ਸਤਸੰਗ ਕੇਵਲ ਸ਼ਬਦ ਨਹੀਂ , ਕਰਮ ਰੂਪ ਵਿੱਚ ਸ਼ਾਮਲ ਹੁੰਦੇ ਹਨ । ਉੱਕਤ ਉਦਗਾਰ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਆਨਲਾਈਨ ਵਰਚੁਅਲ ਸਮਾਗਮ ਦੌਰਾਨ ਸ਼ਰੱਧਾਲੁਆਂ ਨੂੰ ਅਸ਼ੀਰਵਾਦ ਪ੍ਰਦਾਨ ਕਰਦੇ ਹੋਏ ਪ੍ਰਗਟ ਕੀਤੇ । ਉਨਾਂ ਨੇ ਅੱਗੇ ਫਰਮਾਇਆ ਕਿ ਸਦੀਆਂ ਤੋਂ ਸੰਤਾਂ , ਪੀਰਾਂ , ਵਲੀਆਂ ਨੇ ਇਸ ਨਿਰੰਕਾਰ ਦਾ ਆਧਾਰ ਲੈਣ ਦੀ ਹੀ ਸਿੱਖਿਆ ਦਿੱਤੀ ਹੈ । ਇਸ ਗਿਆਨ ਨੂੰ ਜੀਵਨ ਵਿੱਚ ਢਾਲ ਕੇ ਅਸੀ ਆਪਣਾ ਵੀ ਕਲਿਆਣ ਕਰ ਸੱਕਦੇ ਹਨ ਅਤੇ ਦੂਸਰਿਆਂ ਲਈ ਵੀ ਵਰਦਾਨ ਬਣ ਸਕਦੇ ਹਾਂ। ਨਿਰੰਕਾਰ ਪ੍ਰਭੂ ਸਾਰਿਆਂ ਨੂੰ ਅਜਿਹਾ ਹੀ ਜੀਵਨ ਜੀਉਣ ਦੀ ਸ਼ਕਤੀ ਅਤੇ ਭਾਵ ਪ੍ਰਦਾਨ ਕਰੇ । ਉਨਾਂ ਨੇ ਸਤਸੰਗ ਦੀ ਮਹੱਤਤਾ ਦੇ ਬਾਰੇ ਵਿੱਚ ਦਸਦੇ ਹੋਏ ਕਿਹਾ ਕਿ ਸਤਸੰਗ ਲਈ ਕਦੇ ਵੀ ਮਨ ਵਿੱਚ ਆਲਸ ਨਹੀਂ ਆਉਣਾ ਚਾਹੀਦਾ । ਸੰਸਾਰ ਵਿੱਚ ਵੇਖਿਆ ਜਾਂਦਾ ਹੈ ਕਿ ਇੱਕ ਇੱਕ ਦੋੜ ਲੱਗੀ ਹੋਈ ਹੈ ਦੂਸਰਿਆਂ ਤੋਂ ਅੱਗੇ ਨਿਕਲਣ ਦੀ, ਦੂਸਰਿਆਂ ਨੂੰ ਨੀਵਾਂ ਵਿਖਾਉਣ ਦੀ। ਸੋਸ਼ਲ ਮੀਡਿਆ ਉੱਤੇ ਵੀ ਲੋਕ ਆਪਣੇ ਦੋਸਤਾਂ ਦੀ ਗਿਣਤੀ ਦਾ ਦਿਖਾਵਾ ਕਰਦੇ ਹਨ ਪਰੰਤੂ ਸੰਤ ਅਜਿਹਾ ਨਹੀਂ ਕਰਦੇ । ਉਹ ਦੂਸਰਿਆਂ ਨਾਲ ਮੁਕਾਬਲਾ ਨਾ ਕਰਕੇ ਇੱਕ ਸਹਿਯੋਗ ਅਤੇ ਭਾਈਚਾਰੇ ਦਾ ਭਾਵ ਰੱਖਦੇ ਹਨ । ਖੇਡਾਂ ਵਿੱਚ ਵੀ ਮੁਕਾਬਲਾ ਹੁੰਦਾ ਹੈ ਪਰੰਤੂ ਉਹ ਸਕਾਰਾਤਮਕ ਸੋਚ ਨਾਲ ਹੁੰਦਾ ਹੈ । ਉਨਾਂ ਨੇ ਅੱਗੇ ਫਰਮਾਇਆ ਕਿ ਜੇਕਰ ਅਸੀਂ ਮਨੁੱਖ ਦੇ ਰੂਪ ਵਿੱਚ ਪੈਦਾ ਹੋਏ ਹਾਂ ਤਾਂ ਸਾਨੂੰ ਸੋਚਣਾ ਹੋਵੇਗਾ ਕਿ ਅਸੀ ਕਿਵੇਂ ਯੋਗਦਾਨ ਦੇ ਰਹੇ ਹਾਂ , ਇਕ ਇਨਸਾਨ ਵਾਲਾ ਜਾਂ ਫਿਰ ਇਕ ਹੈਵਾਨ ਵਾਲਾ । ਜਿਵੇਂ ਕਿ ਇੱਕ ਸ਼ਾਇਰ ਨੇ ਕਿਹਾ ਇੱਕ ਜਿਹਿਆਂ ਵਿਖਦੀਆਂ ਸਨ ਉਹ ਮਾਚਿਸ ਦੀਆਂ ਤੀਲਿਆਂ , ਕਿਸੇ ਨੇ ਦੀਪ ਜਗਾਏ ਤੇ ਕਿਸੇ ਨੇ ਘਰ । ਇਨਸਾਨ ਪਰਮਾਤਮਾ ਦੀ ਉੱਤਮ ਰਚਨਾ ਹੈ , ਤਾਂ ਕਿਰਦਾਰ ਵੀ ਉਹੋ ਜਿਹਾ ਹੀ ਹੋਣਾ ਚਾਹੀਦਾ ਹੈ । ਬ੍ਰਹਮਗਿਆਨ ਦੇ ਬਾਅਦ ਤਾਂ ਕੋਈ ਕਾਰਨ ਨਹੀਂ ਰਹਿ ਜਾਂਦਾ ਹੰਕਾਰ ਕਰਨ ਦਾ , ਭੇਦਭਾਵ ਰੱਖਣ ਦਾ ਜਾਂ ਫਿਰ ਨਫਰਤ ਕਰਨ ਦਾ । ਲੋਕ ਛੋਟੀ ਸੀ ਗੱਲ ਉੱਤੇ ਸਾਲਾਂ ਦੀ ਪਹਿਚਾਣ ਭੁੱਲ ਕੇ ਦੁਸ਼ਮਣੀ ਕਰ ਲੈਂਦੇ ਹਨ। ਸਾਨੂੰ ਛੋਟੀਆਂ ਛੋਟੀਆਂ ਗੱਲਾਂ ਨੂੰ ਨਜਰੰਦਾਜ ਕਰਨਾ ਚਾਹੀਦਾ ਹੈ । ਰਿਸ਼ਤੇ ਮਾਇਆ ਨਾਲੋਂ ਜਿਆਦਾ ਅਹਿਮ ਹੁੰਦੇ ਹਨ।




# ਕਰੀਬ 4 ਦਸ਼ਕਾਂ ਚ ਪਿੰਜੌਰ ਵਿੱਚ ਬਿਜਲੀ ਵਿਭਾਗ ਦਫਤਰ ਕਿਰਾਏ ਦੀ ਬਿਲਡਿੰਗ ਚ ਰਿਹਾ ਚਲ

**ਪੰਚਕੂਲਾ (ਦੀਪਕ ਸਰਮਾ)** ਤਕਰੀਬਨ ਚਾਰ ਦਸ਼ਕਾਂ ਤੋਂ ਪਿੰਜੌਰ ਵਿੱਚ ਬਿਜਲੀ ਵਿਭਾਗ ਦਫਤਰ ਕਿਰਾਏ ਦੀ ਬਿਲਡਿੰਗ ਵਿੱਚ ਚੱਲ ਰਿਹਾ ਹੈ । ਬਿਜਲੀ ਦਫਤਰ ਦੀਆਂ ਇਨਾਂ ਬਿਲਡਿੰਗ ਵਿੱਚ ਖਪਤਕਾਰਾਂ ਲਈ ਬੈਠਣ ਅਤੇ ਹੋਰ ਸਹੂਲਤਾਂ ਦੀ ਘਾਟ ਕਾਰਨ ਉਨਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਪਿੰਜੌਰ-ਕਾਲਕਾ ਵੈੱਲਫੇਅਰ ਐਸੋਸੀਏਸਨ ਦੇ ਪ੍ਰਧਾਨ ਸੰਤਰਾਮ ਸਰਮਾ ਨੇ ਖਪਤਕਾਰਾਂ ਦਾ ਮੁੱਦਾ ਚੁੱਕਿਆ ਹੈ ਅਤੇ ਸਰਕਾਰ ਅਤੇ ਪ੍ਰਸਾਸਨ ਦੇ ਧਿਆਨ ਦੀ ਮੰਗ ਵੀ ਕੀਤੀ ਹੈ । ਉਨਾਂ ਕਿਹਾ ਕਿ ਪਹਿਲਾਂ ਬਿਜਲੀ ਦਫਤਰ ਪਿੰਜੌਰ ਵਿੱਚ ਕਿਰਾਏ ਦੀ ਬਿਲਡਿੰਗ ਵਿੱਚ ਚੱਲ ਰਿਹਾ ਸੀ, ਹੁਣ ਐਚ.ਐਮ.ਟੀ ਆਵਾਸੀਆਂ ਪਰਿਸਰ ਵਿਚ ਕਿਰਾਏ ਦੀ ਬਿਲਡਿੰਗ ਵਿੱਚ ਚੱਲ ਰਿਹਾ ਹੈ । ਖਪਤਕਾਰਾਂ ਨੂੰ ਬਿਜਲੀ ਨਾਲ ਜੁੜੀਆਂ ਮੁਸਕਲਾਂ ਸਮੇਤ ਹੋਰ ਕੰਮਾਂ ਲਈ ਦਫਤਰ ਆਉਣਾ ਪੈਂਦਾ ਹੈ । ਸੰਤਰਾਮ ਸਰਮਾ ਨੇ ਕਿਹਾ ਕਿ ਉਹ ਜਲਦੀ ਹੀ ਇਨਾਂ ਸਮੱਸਿਆਵਾਂ ਦੇ ਹੱਲ ਲਈ ਬਿਜਲੀ ਮੰਤਰੀ ਰਣਜੀਤ ਸਿੰਘ ਚੌਟਾਲਾ ਨੂੰ ਮੰਗ ਪੱਤਰ ਸੌਂਪਣਗੇ, ਅਤੇ ਮੰਗ ਕਰਨਗੇ ਕਿ ਵਿਭਾਗ ਨੂੰ ਉਸ ਜਗਾ ਦੇ ਨੇੜੇ ਇਕ ਏਕੜ ਦਾ ਦਫਤਰ ਬਣਾਇਆ ਜਾਵੇ, ਜਿਥੇ ਫਿਲਮ ਸਿਟੀ ਉਸ ਜਗਾ 'ਤੇ ਬਣਾਉਣ ਦੀ ਤਜਵੀਜ ਹੈ ।

# ਸ੍ਰੀ ਗੁਰੂ ਅਰਜਨ ਦੇਵ ਸਕੂਲ ਨੈਸ਼ਨਲ ਲੈਵਲ ਗੁਰਮਤਿ ਪ੍ਰਤੀਯੋਗਿਤਾ ਵਿੱਚ ਜੇਤੂ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਵਾਤਾਵਰਨ ਪ੍ਰੇਮੀ ਬਾਬਾ ਸੇਵਾ ਸਿੰਘ ਕਾਰਸੇਵਾ ਖ਼ਡੂਰ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਚਲ ਰਹੇ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ,ਕਰਤਾਰਪੁਰ (ਜਲੰਧਰ) ਦੇ ਗਿਆਰਵੀਂ ਜਮਾਤ ਦੇ ਸੁਖਦੀਪ ਸਿੰਘ ਨੇ ਦਲਬੀਰ ਸਿੰਘ ਜਲੰਧਰ ਅਤੇ ਸੁਖਜੀਤ ਸਿੰਘ ਕਪੂਰਥਲਾ ਵਾਲਿਆਂ ਦੇ ਉੱਧਮ ਉਪਰਾਲੇ ਸਦਕਾ ਔਨਲਾਈਨ ਨੈਸ਼ਨਲ ਲੈਵਲ ਗੁਰਮਤਿ ਪ੍ਰਤਿਯੋਗਿਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਉੱਚਾ ਕੀਤਾ। ਏਸ ਪ੍ਰਸ਼ਨ / ਉੱਤਰ ਪ੍ਰਤੀਯੋਗਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸੀ। ਏਸ ਵਿੱਚ ਦੇਸ਼ ਭਰ ਦੇ ਅਣਗਿਣਤ ਵਿਦਿਆਰਥੀਆਂ ਨੇ ਹਿੱਸਾ ਲਿਆ। ਜਿਹਨਾਂ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਕਸ਼ਮੀਰ, ਮੱਧਪ੍ਰਦੇਸ਼, ਰਾਜਸਥਾਨ, ਦਿੱਲੀ, ਚੰਡੀਗੜ ਆਦਿ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਜਿਹਨਾਂ ਵਿੱਚੋਂ ਸੁਖਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਡਾਇਰੈਕਟਰ ਡਾ.ਕਾਲਾ ਸਿੰਘ ਗਹੀਰ, ਕਾਰਜਕਾਰੀ ਪ੍ਰਿੰਸੀਪਲ ਮੈਡਮ ਬਲਜੀਤ ਕੌਰ ਅਤੇ ਸਮੂਹ ਸਟਾਫ ਨੇ ਜੇਤੂ ਵਿਦਿਆਰਥੀ ਵਧਾਈ ਦਿੱਤੀ।



ਅਦਿੱਤਆ ਕੁਮਾਰ ਕਰਤਾਰਪੁਰ ਵਾਸੀ ਨੂੰ ਪਰਿਵਾਰ ਵੱਲੋਂ ਅਤੇ ਵਰਲਡ ਪੰਜਾਬੀ ਨਿਊਜ਼ ਵੱਲੋਂ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ ।

